# ਰੇਡੀਓ ਲਵੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

ਕੜੀ 47

## ਭਾਰਤ ਵਿੱਚ ਊਰਜਾ ਦੀ ਦਸ਼ਾ-1: ਊਰਜਾ ਕੇਂਦਰ

## India Energy Scenario-1: The Energy Huts

ਮੂਲ ਖੋਜ ਤੇ ਲੇਖਣ: ਡਾ. ਮਾਨਸ ਪ੍ਰੀਤਮ ਦਾਸ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode, we have discussed the energy capacity of India, and various aspects of the green energy. The issue of solar energy to replace the kerosene and the coal has been discussed as a recorded radio talk. The problem of batteries and use of Grid System without the use of batteries and the dual system of grid as well as batteries has been discussed. The impact of solar energy as a clean energy and as a source of seamless supply through common battery system and Grid System or through dual system has been discussed on the lives and achievements of the people living at make-shift arrangements. The joy of the toiling masses as a result of achievements of their children in studies due to clean energy, the problems faced by coal mine workers and the efforts to reduce dependence on coal in order to check the change in climate has been made a focus through a story of the construction workers' settlement)

(ਇਸ ਕੜੀ ਵਿਚ ਭਾਰਤ ਦੀ ਊਰਜਾ ਸਮਰਥਾ ਅਤੇ ਵਾਤਾਵਰਨ ਦੇ ਹਿੱਤ ਵਾਲੀ ਹਰਿਤ ਊਰਜਾ ਦੇ ਵੱਖ ਵੱਖ ਪਹਿਲੂਆਂ 'ਤੇ ਚਰਚਾ ਕੀਤੀ ਗਈ ਹੈ! ਰਿਕਾਰਡ ਕੀਤੀ ਇੱਕ ਰੇਡੀਓ ਵਾਰਤਾ ਰਾਹੀਂ ਮਿੱਟੀ ਦੇ ਤੇਲ ਦੇ ਦੀਵਿਆਂ ਦੀ ਥਾਂ ਸੂਰਜੀ ਊਰਜਾ ਦੀ ਵਰਤੋਂ ਨਾਲ ਰੋਸ਼ਨੀ ਅਤੇ ਕੋਲੇ 'ਤੇ ਨਿਰਭਰਤਾ ਘਟਾਉਣ ਬਾਬਤ ਚਰਚਾ ਕੀਤੀ ਗਈ ਹੈ! ਸੂਰਜੀ ਊਰਜਾ ਲਈ ਭੰਡਾਰਨ ਵਾਸਤੇ ਬੈਟਰੀਆਂ ਦੇ ਪ੍ਰਦੂਸ਼ਣ, ਬੈਟਰੀਆਂ ਤੋਂ ਬਿਨਾ ਗਰਿੱਡ ਪ੍ਰਣਾਲੀ ਰਾਹੀਂ ਸੌਰ ਊਰਜਾ ਦੀ ਵਰਤੋਂ, ਦੋਹਰੀ ਪ੍ਰਣਾਲੀ ਯਾਣੀ ਬੈਟਰੀਆਂ ਦੀ ਵੀ ਤੇ ਗਰਿੱਡ ਦੀ ਵੀ ਵਰਤੋਂ 'ਤੇ ਵੀ ਵਿਸਤਾਰ ਨਾਲ ਵਾਰਤਾਲਾਪ ਕੀਤਾ ਗਿਆ ਹੈ! ਕੰਮ ਦੇ ਸਥਾਨ 'ਤੇ ਅਸਥਾਈ ਰੈਣ ਬਸੇਰਿਆਂ ਵਿੱਚ ਰਹਿਣ ਵਾਲਿਆਂ ਦੇ ਜੀਵਨ ਅਤੇ ਪ੍ਰਾਪਤੀਆਂ ਉੱਪਰ ਸੌਰ ਊਰਜਾ ਦੇ ਗਰਿੱਡ ਪ੍ਰਣਾਲੀ ਰਾਹੀਂ ਤੇ ਦੋਹਰੀ ਪ੍ਰਣਾਲੀ ਰਾਹੀਂ ਪੈਂਦੇ ਪ੍ਰਭਾਵਾਂ 'ਤੇ ਚਰਚਾ ਹੈ। ਉਸਾਰੀ ਕਾਮਿਆਂ ਦੀ

ਬਸਤੀ ਦੀ ਕਹਾਣੀ ਰਾਹੀਂ ਜੋ ਇਸ ਸੌਰ ਊਰਜਾ ਨਾਲ ਹੋਈ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਪ੍ਰਾਪਤੀ ਦੀ ਖੁਸ਼ੀ ਮਨਾਉਣ ਅਤੇ ਕੋਲੇ ਦੀਆਂ ਖਾਨਾਂ ਵਿੱਚ ਕੰਮ ਕਰਨ ਦੇ ਦੁਖੜੇ ਅਤੇ ਕੋਲੇ 'ਤੇ ਨਿਰਭਰਤਾ ਘਟਾਉਣ ਦੇ ਯਤਨਾਂ ਦੀ ਕਹਾਣੀ ਹੈ, ਵਾਤਾਵਰਨੀ ਬਦਲਾਅ ਦੇ ਮਾਮਲੇ ਨੂੰ ਕੇਂਦਰ ਬਿੰਦੂ ਬਣਾਉਂਦੀ ਹੈ)

ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

| | |
|---|---|
| **ਬੀਜੂ** | : ਇੱਕ ਉਸਾਰੀ ਮਜ਼ਦੂਰ |
| **ਸੁਨੀਤਾ** | : ਬੀਜੂ ਦੀ ਪਤਨੀ...... |
| **ਸੰਜੂ** | : ਬੀਜੂ ਦੇ ਪਿੰਡ ਦਾ ਇੱਕ ਹੋਰ ਉਸਾਰੀ ਮਜ਼ਦੂਰ |
| **ਲਖਣ** | : ਸੁਨੀਤਾ ਦਾ ਘਰਾਂ ਵਿੱਚੋਂ ਭਰਾ, ਉਸਾਰੀ ਮਜਦੂਰ |
| **ਰਜਨੀ** | : ਸੁਨੀਤਾ ਦੀ ਚਾਚੀ |
| **ਅੰਜੂ** | : ਸੁਨੀਤਾ ਤੇ ਬੀਜੂ ਦੀ ਬੇਟੀ - ਇੱਕ ਵਿਦਿਆਰਥਣ |
| **ਤਾਨੀਆ** | : ਰੇਡੀਓ ਪ੍ਰੋਗਰਾਮ ਦੀ ਐਂਕਰ |
| **ਬਬਲੂ** | : ਹਾਰ ਸ਼ਿੰਗਾਰ ਕਰਮੀ |
| **ਮਾਜਿਦ** | : ਰੇਡੀਓ ਪ੍ਰੋਗਰਾਮ ਨਿਰਮਾਤਾ |
| **ਡਾ. ਬਾਸੂ** | : ਇੱਕ ਊਰਜਾ ਵਿਗਿਆਨੀ |

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ......**

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਸੰਤਾਲੀਵੀਂ ਕੜੀ "ਭਾਰਤ ਵਿੱਚ ਊਰਜਾ ਦੀ ਦਸ਼ਾ-1: ਊਰਜਾ ਕੇਂਦਰ"**

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ! ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "ਜਲਵਾਯੂ ਬਦਲਾਅ ਦੀ ਵਿਗਿਆਨ" ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਸੰਤਾਲੀਵੀਂ ਕੜੀ ਵਿੱਚ।

ਮਰਦ ਸੂਤਰਧਾਰ : ਹਾਂ! ਇਸ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪਿਛਲੀ ਕੜੀ, 'ਵਿਗੜੀ ਮੌਸਮ ਦੀ ਚਾਲ....' ਵਿੱਚ ਸੁਣਾਈ ਸੀ ਕਹਾਣੀ ਜਲਵਾਯੂ ਬਦਲਾਅ ਕਾਰਨ ਵਿਗੜ ਰਹੇ ਮੌਸਮ ਦੀ!

ਔਰਤ ਸੂਤਰਧਾਰ : ਹਾਂ ਜੀ! ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਦੇ ਕਾਰਨ ਕਿਵੇਂ ਰੇਗਿਸਤਾਨ ਵਿੱਚ ਪੈਣ ਲੱਗ ਗਈ ਹੈ ਤੇਜ ਬਾਰਸ਼!

ਮਰਦ ਸੂਤਰਧਾਰ : ਗੱਲ ਹੋਈ ਸੀ ਕਿ ਕਿਵੇਂ ਰਾਜਸਥਾਨ ਵਿੱਚ ਸੋਕੇ ਵਾਲੇ ਤਪਦੇ ਮਾਰੂਥਲਾਂ ਵਿੱਚ ਆਉਣ ਲੱਗ ਗਏ ਨੇ ਹੜ੍ਹ, ਜੋ ਬੁਰਾ ਪ੍ਰਭਾਵ ਪਾ ਰਹੇ ਨੇ ਉਥੋਂ ਦੀ ਬਨਸਪਤੀ ਅਤੇ ਜੀਵ ਜੰਤੂਆਂ 'ਤੇ!

ਔਰਤ ਸੂਤਰਧਾਰ : ਸੁਣੇ ਸਨ ਅਸੀਂ ਉਹ ਕਿੱਸੇ ਵੀ ਕਰਦੇ ਸਨ ਖੁਲਾਸਾ ਜੋ ਉਨ੍ਹਾਂ ਤੁਫਾਨਾਂ ਦਾ ਆ ਰਹੇ ਨੇ ਜੋ ਰੇਗਿਸਤਾਨ ਦੇ ਵਿੱਚ ਇਨ੍ਹਾਂ ਤੇਜ ਵਰ੍ਹਦੇ ਮੀਹਾਂ ਦੇ ਕਾਰਨ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਬੇ ਮੌਸਮੀ ਤੇ ਤੇਜ਼ੀ ਨਾਲ ਹੋ ਰਹੀ ਬਾਰਸ਼ ਬਣਾ ਰਹੀ ਹੈ ਦਲਦਲ ਇਨ੍ਹਾਂ ਰੇਗਿਸਤਾਨਾਂ ਨੂੰ!

ਔਰਤ ਸੂਤਰਧਾਰ : ਹੋਈ ਸੀ ਗੱਲ ਉਸ ਵਿਗਿਆਨਕ ਵਰਤਾਰੇ ਦੀ ਵੀ ਜਿਹੜਾ ਹੈ ਪਿਛੇ ਇਨ੍ਹਾਂ ਆ ਰਹੇ ਤੂਫਾਨਾਂ ਦੇ ਅਤੇ ਦੱਸ ਦਿੱਤਾ ਸੀ ਉਹ ਰਾਜ਼ ਵੀ ਜਿਸ ਕਰਕੇ ਇਸ ਤਰ੍ਹਾਂ ਬਣ ਰਹੇ ਦਲਦਲਾਂ ਨਾਲ ਖਤਮ ਹੋ ਰਹੀ ਹੈ ਉਹ ਬਨਸਪਤੀ ਜਿਹੜੀ ਪਣਪਦੀ ਹੈ ਰੇਗਿਸਤਾਨ ਦੇ ਵਿੱਚ ਹੀ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਜਲਵਾਯੂ ਬਦਲਾਅ ਨਾਲ ਬਦਲ ਰਿਹਾ ਹੈ ਮਾਰੂਥਲਾਂ ਵਿੱਚ ਵਰਖਾ ਦਾ ਮਿਜਾਜ਼ ਤੇ ਲੰਬੀਆਂ ਹੋ ਰਹੀਆਂ ਨੇ ਗਰਮੀਆਂ ਵੀ! ਬੇ ਮੌਸਮੇ ਝਖੜਾਂ ਤੇ ਗੜਿਆਂ ਨਾਲ ਤਬਾਹ ਹੋ ਰਹੀਆਂ ਨੇ ਫਸਲਾਂ ਤੇ ਉਜੜ ਰਿਹਾ ਹੈ ਆਰਥਚਾਰਾ!

ਔਰਤ ਸੂਤਰਧਾਰ : ਹੋਈ ਸੀ ਗੱਲ ਕਿ ਕਿਵੇਂ ਸਾਲ 2016 ਵਿੱਚ ਬਾੜ੍ਹਮੇਰ ਜਿਲ੍ਹੇ ਵਿੱਚ ਆਮ ਨਾਲੋਂ ਚਾਰ ਗੁਣਾ ਵਰਖਾ ਹੋਣ ਨਾਲ ਮੱਚੀ ਸੀ ਤਬਾਹੀ! ਬਰਬਾਦ ਹੋ ਗਈਆਂ ਸਨ ਮੂੰਗੀ, ਬਾਜਰਾ ਤੇ ਤਿਲ ਦੀਆਂ ਫਸਲਾਂ!

ਮਰਦ ਸੂਤਰਧਾਰ : ਸੁਣਾਏ ਸਨ ਕਿੱਸੇ ਕਿ ਕਿਵੇਂ ਬਦਲਦੇ ਮੌਸਮ ਕਾਰਨ ਪਿਛਲੇ ਕੁਝ ਕੁ ਸਾਲਾਂ ਦੌਰਾਨ ਵਰਖਾ ਨੇ ਮਚਾਈ ਸੀ ਤਬਾਹੀ ਕੇਦਾਰਨਾਥ ਵਿੱਚ, ਕੇਰਲਾ ਵਿੱਚ ਤੇ ਚੇਨੱਈ ਵਿੱਚ, ਆਸਾਮ ਵਿੱਚ ਤੇ ਜੰਮੂ ਵਿੱਚ ਤੇ ਹੋ ਗਈਆਂ ਸਨ ਸੈਂਕੜੇ ਮੌਤਾਂ! ਕਿਵੇਂ ਜਲਵਾਯੂ ਬਦਲਾਅ ਕਾਰਨ ਪਛਮੀ ਹਲ ਚਲ ਵਿੱਚ ਹੋ ਗਿਆ ਬਦਲਾਅ ਅਤੇ ਪ੍ਰਭਾਵਤ ਹੋ ਗਈ ਪੂਰੀ ਦੀ ਪੂਰੀ ਵਾਤਾਵਰਨੀ ਪ੍ਰਣਾਲੀ!

ਔਰਤ ਸੂਤਰਧਾਰ : ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ ਪਿਛਲੇ ਦਸ ਸਾਲਾਂ ਵਿੱਚ ਢਾਹਿਆ ਹੈ ਕਹਿਰ ਵਧਦੀ ਗਰਮੀ ਨੇ ਤੇ ਲੈ ਲਈ ਹੈ ਹਜਾਰਾਂ ਲੋਕਾਂ ਦੀ ਜਾਨ ਤੱਤੀ ਲੂ ਨੇ!

ਮਰਦ ਸੂਤਰਧਾਰ : ਇਸ ਲੂ ਕਾਰਨ ਪੂਰਾ ਉਤਰੀ ਭਾਰਤ ਹੋ ਗਿਆ ਸੀ ਸੰਕਟ ਗ੍ਰਸਤ ਕਿਉਂ ਜੋ ਪਿਛਲੇ ਸਾਲ 2018 ਵਿੱਚ ਇਸ ਨਾਲ ਆਈ ਹਨੇਰੀ ਕਾਰਨ ਛਾ ਗਿਆ ਸੀ ਗਰਦ ਗੁਬਾਰ!

ਔਰਤ ਸੂਤਰਧਾਰ : ਇਸ ਕਾਰਨ ਜੋਧਪੁਰ ਵਿੱਚੋਂ ਹਿਰਨ ਪ੍ਰਵਾਸ ਕਰ ਗਏ, ਪੱਛਮੀ ਹਲ ਚਲਾਂ ਪਹਿਲਾਂ ਆਉਂਦੀਆਂ ਸਨ ਸਰਦੀਆਂ ਵਿੱਚ ਪਰ ਹੁਣ ਆਉਣ ਲੱਗ ਗਈਆਂ ਅਪ੍ਰੈਲ ਮਈ ਵਿੱਚ ਹੀ! ਦੂਜੇ ਪਾਸੇ

ਹਿਮਾਲਿਆਈ ਇਲਾਕਿਆਂ ਵਿੱਚ ਬਰਫਬਾਰੀ ਘਟ ਰਹੀ ਹੈ! ਜੈਵਿਕ ਭਿੰਨਤਾ ਵੀ ਹੋ ਰਹੀ ਹੈ ਨਸ਼ਟ!

**ਮਰਦ ਸੂਤਰਧਾਰ** : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਜਲਵਾਯੂ ਬਦਲਾਅ ਕਾਰਨ ਪੈਦਾ ਹੋ ਰਹੀ ਊਰਜਾ ਦੀ ਸਥਿਤੀ ਦੀ ਤੇ ਊਰਜਾ ਕੇਂਦਰਾਂ ਦੀ!

**ਔਰਤ ਸੂਤਰਾਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ 'ਕਿਉਂ ਬਦਲ ਰਹੀ ਹੈਂ ਫਿਜ਼ਾਏਂ' ਦੀ ਸੰਤਾਲੀਵੀਂ ਕੜੀ "ਭਾਰਤ ਵਿੱਚ ਊਰਜਾ ਦੀ ਦਸ਼ਾ-1: ਊਰਜਾ ਕੇਂਦਰ"...! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**(ਦੇਰ ਰਾਤ ਦਾ ਸਮਾਂ... ਲਗਭਗ 50 ਘਰਾਂ ਦੀ ਬਸਤੀ ਵਿਚ ਨੱਚਣ-ਗਾਉਣ ਦਾ ਪ੍ਰੋਗਰਾਮ ਚਲ ਰਿਹਾ ਹੈ। ਇਥੋਂ ਦੇ ਨਿਵਾਸੀ ਆਸ-ਪਾਸ ਦੇ ਖੇਤਰਾਂ ਵਿਚ ਕਾਰੀਗਰੀ ਅਤੇ ਚਿਨਾਈ ਦਾ ਕੰਮ ਕਰਦੇ ਹਨ। ਜ਼ਿਆਦਾਤਰ ਘਰ ਕੱਚੇ ਹਨ ਅਤੇ ਬਾਂਸ 'ਤੇ ਟੀਨ ਤੋਂ ਬਣੇ ਹਨ। ਇਕ-ਦੂਸਰੇ ਨਾਲ ਐਨ ਜੁੜ ਕੇ ਬਣੇ ਹੋਣ ਕਾਰਨ ਇੱਥੇ ਧੁੱਪ ਬਹੁਤ ਘੱਟ ਪਹੁੰਚ ਪਾਉਂਦੀ ਹੈ। ਫਿਲਮੀ ਗਾਣਿਆਂ 'ਤੇ ਲੋਕ ਅਤੇ ਕੁਝ ਜੋੜੇ ਨੱਚ ਰਹੇ ਹਨ)**

**ਬੀਜੂ** : ਹਾਂ! ਸਾਰੀ ਰਾਤ...! ਰਾਤ ਭਰ ਇਹ ਪ੍ਰੋਗਰਾਮ ਚੱਲੇਗਾ! ਖ਼ੂਬ ਨੱਚਾਂਗੇ... ਖ਼ੂਬ ਗਾਵਾਂਗੇ!

**ਸੁਨੀਤਾ** : (ਹੱਸਦੇ ਹੋਏ) ਕੀ ਇਹ ਸਾਰੇ ਪਾਗਲ ਤਾਂ ਨਹੀਂ ਹੋ ਗਏ? ਇਨ੍ਹਾਂ ਨੇ ਕੱਲ੍ਹ ਨੂੰ ਕੰਮ 'ਤੇ ਨਹੀਂ ਜਾਣਾ? ਠੇਕੇਦਾਰ ਤਾਂ ਛੁੱਟੀ ਕਰਨ ਤੋਂ ਰਿਹਾ।

**ਸੰਜੂ** : ਠੇਕੇਦਾਰ ਜਾਏ... ਖੂਹ 'ਚ...! ਅਸੀਂ ਤਾਂ ਨੱਚਾਂਗੇ... ਗਾਵਾਂਗੇ... ਧੂਮ ਮਚਾਵਾਂਗੇ! (ਸਾਰੇ ਲੋਕ ਹੱਸਦੇ ਹਨ)

**ਲਖਨ** : ਠੇਕੇਦਾਰ ਕਿਵੇਂ ਸਮਝੇਗਾ, ਕਿ ਇਸ ਨਾਚ ਨਾਲ ਅਸੀਂ ਕੀ ਪਾਇਆ ਹੈ?

**ਬੀਜੂ** : ਗਰੀਬਾਂ ਦਾ ਲਹੂ ਚੂਸਣ ਵਾਲੇ ਇਹ ਠੇਕੇਦਾਰ ਕੀ ਸਮਝਣਗੇ? ਅਸੀਂ ਤਾਂ ਨੱਚਾਂਗੇ ... ਨੱਚਾਂਗੇ ਬਈ ਨੱਚਾਂਗੇ!

**ਲਖਨ** : ਨੱਚੀਏ ਵੀ ਕਿਉਂ ਨਾ! ਸਾਡੇ 5 ਬੱਚੇ ਇਮਤਿਹਾਨ ਵਿਚ ਪਹਿਲੇ ਦਰਜੇ 'ਤੇ ਰਹੇ ਹਨ। ਕੀ ਅਸੀਂ ਪਹਿਲਾਂ ਕਦੀ ਵੀ ਅਜਿਹਾ ਵਾਪਰਨਾ ਸੋਚ ਵੀ ਸਕਦੇ ਸੀ ?

ਸੁਨੀਤਾ : ਕਮਾਲ ਹੈ! ਗੋਪਾਲ, ਅੰਜੂ, ਨੈਨਾ, ਕ੍ਰਿਸ਼ਨਾ ਤੇ ਸ਼ੰਭੂ ਨੇ ਕਰ ਵਿਖਾਇਆ ਹੈ ਇਹ ਸਾਰਾ ਕ੍ਰਿਸ਼ਮਾ! ਲਖਨ ਭਾਈ, ਤੁਸੀਂ ਸਹੀ ਕਹਿ ਰਹੇ ਹੋ।

ਲਖਨ : ਇਨ੍ਹਾਂ ਘਰਾਂ ਨੂੰ ਵੇਖੋ! ਕੀ ਇਹ ਰਹਿਣ ਦੇ ਲਾਇਕ ਹਨ? ਫਿਰ ਵੀ ਸਾਡੇ ਬੱਚੇ ਦਿਨ-ਰਾਤ ਮਿਹਨਤ ਕਰਦੇ ਰਹੇ ਹਨ ਤੇ ਅੱਜ ਸਫਲ ਹੋਏ ਹਨ!

ਰਜਨੀ : (ਬਜ਼ੁਰਗ ਦੀ ਅਵਾਜ਼) ਮੇਰਾ ਭਾਗ, ਜੋ ਇਸ ਦਿਨ ਨੂੰ ਵੇਖ ਪਾਈ ਹਾਂ।

ਲਖਨ : ਮਾਸੀ... ਤੂੰ ਤਾਂ ਦਿਨ-ਰਾਤ, ਮੌਤ ਮੰਗਦੀ ਰਹਿੰਦੀ ਸੀ।

ਰਜਨੀ : ਇਹ ਤਾਂ ਸਭ ਮੇਰੀ ਕਿਸਮਤ ਹੈ। ਮੈਂ ਅਪਣੇ ਬੱਚਿਆਂ ਦੀ ਸਫਲਤਾ ਦੇ ਇਹ ਦਿਨ ਵੇਖਣੇ ਜੋ ਸਨ!

ਅੰਜੂ : ਨਾਨੀ...! ਇਨ੍ਹਾਂ ਦੀ ਮਿਹਨਤ ਵਿੱਚ ਇਕ ਹੋਰ ਵਿਅਕਤੀ ਵੀ ਤਾਂ ਹੈ ਪ੍ਰਸ਼ੰਸਾ ਦਾ ਪਾਤਰ!

ਸੁਨੀਤਾ : ਤੇਰਾ ਮਤਲਬ - ਉਹ ਵਿਗਿਆਨੀ ਭਾਈ/ਵੀਰ।

ਅੰਜੂ : ਹਾਂ ਮੰਮੀ... ਠੀਕ ਕਿਹਾ। ਜੇਕਰ ਉਸ ਨੇ ਆਹ ਸੂਰਜੀ ਦੀਵੇ (ਸੋਲਰ ਲੈਂਪ) ਨਾ ਦਿੱਤੇ ਹੁੰਦੇ, ਤਾਂ ਸਾਡੇ ਬੱਚੇ ਐਨਾ ਅੱਛਾ ਨਾ ਕਰ ਪਾਉਂਦੇ।

ਲਖਨ : ਅੰਜੂ ਠੀਕ ਕਿਹਾ। ਉਹ ਵਿਗਿਆਨੀ ਭਾਈ ਤਾਂ, ਸਾਡੇ ਲਈ ਫਰਿਸ਼ਤਾ ਬਣ ਕੇ ਆਏ। ਉਨ੍ਹਾਂ ਦੀ ਮੱਦਦ ਬਿਨਾਂ ਅਸੀਂ ਤਾਂ ਹਨੇਰੇ ਤੋਂ ਬਾਹਰ ਆ ਹੀ ਨਹੀਂ ਸੀ ਸਕਦੇ!

ਬੀਜੂ : ਲਖਨ...ਤੇਰਾ ਕਹਿਣਾ ਸਹੀ ਹੈ। ਪਹਿਲਾਂ ਤਾਂ, ਇਨ੍ਹਾਂ ਹਨੇਰ ਕੋਠੜੀਆਂ ਵਿੱਚ ਕੁੱਝ ਨਜਰ ਨਹੀਂ ਸੀ ਆਉਂਦਾ! ਘਰ ਵਿਚ ਕੋਈ ਚੀਜ਼ ਲੱਭਣ ਲਈ ਹਨੇਰੇ ਵਿਚ ਹੱਥ ਮਾਰਨੇ ਪੈਂਦੇ ਸਨ।

ਸੁਨੀਤਾ : ਸ਼ੁਰੂ ਵਿਚ ਤਾਂ, ਮੈਨੂੰ ਵਿਸ਼ਵਾਸ ਹੀ ਨਹੀਂ ਸੀ। ਇਹ ਗੁੰਬਦ-ਵਰਗੇ ਪੈਨਲ - ਇਕ ਸ਼ੋਅ ਪੀਸ - ਜਿਵੇਂ ਸਜਾਵਟੀ ਸਮਾਨ ਲੱਗਦਾ ਸੀ, ਜਿਸ ਦਾ ਸਾਡੇ ਲਈ ਕੋਈ ਲਾਭ ਨਹੀਂ...

ਅੰਜੂ : (ਹੱਸਦੇ ਹੋਏ) ਉਹ ਖੰਭਾਂ ਵਾਲੀ ਸਜਾਵਟੀ ਵਸਤੂ... ਮੰਮੀ, ਉਹ ਪੈਨਲ ਹੀ ਤਾਂ ਕੰਮ ਦੇ ਹਨ। ਜਦੋਂ ਸੂਰਜ ਦੀ ਧੁੱਪ, ਇਨ੍ਹਾਂ ’ਤੇ ਪੈਂਦੀ ਹੈ ਤਾਂ ਬਿਜਲੀ ਊਰਜਾ ਪੈਦਾ ਹੁੰਦੀ ਹੈ।

ਬੀਜੂ : ਵਾਹ! ਕੀ ਜਾਦੂ ਹੈ!

ਅੰਜੂ : ਪਾਪਾ, ਇਹ ਕੋਈ ਜਾਦੂ ਨਹੀਂ ਹੈ। ਇਹ ਤਕਨੀਕ ਦਾ ਕਮਾਲ ਹੈ। ਦਿਨ ਦੇ ਸਮੇਂ, ਇਸ ਸੌਰ ਪੈਨਲ ਰਾਹੀਂ ਸੌਰ ਊਰਜਾ ਬੈਟਰੀ ਵਿਚ ਇਕੱਠੀ ਹੁੰਦੀ ਜਾਂਦੀ ਹੈ ਤੇ ਰਾਤ ਨੂੰ ਇਸ ਬੈਟਰੀ ਦੀ ਊਰਜਾ ਨਾਲ ਹੋ ਜਾਂਦਾ ਹੈ ਇਹ ਚਾਨਣ! ਇਹ ਚਾਨਣ ਉਸੇ ਹੀ ਧੁੱਪ ਦੀ ਬਦੌਲਤ ਹੈ, ਜੋ ਦਿਨ ਦੇ ਸਮੇਂ, ਖਿੜਕੀਆਂ ਵਿਚੋਂ ਦੀ ਅੰਦਰ ਜਾ ਕੇ, ਕਮਰਿਆਂ ਵਿੱਚ ਥੋੜ੍ਹੀ ਬਹੁਤ ਰੌਸ਼ਨੀ ਕਰਦੀ ਹੈ।

ਸੁਨੀਤਾ : ਇਸ ਨਾਲ ਤਾਂ ਸਾਨੂੰ ਹੁਣ ਰਾਤ ਨੂੰ ਵੀ ਬਿਨਾ ਤੇਲ ਦੇ ਧੂੰਏਂ ਦੇ ਰੌਸ਼ਨੀ ਪ੍ਰਾਪਤ ਹੋ ਜਾਂਦੀ ਹੈ। ਮਿੱਟੀ ਦੇ ਤੇਲ ਦੇ ਦੀਵੇ ਤੋਂ ਵੀ ਖਹਿੜਾ ਛੁਟ ਗਿਆ ਹੈ! ਸਾਡਾ ਤਾਂ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ, ਵਿਗਿਆਨੀ ਬਾਬੂ ਨੇ।

ਸੰਜੂ : ਹੁਣ ਤੂੰ, ਅੱਗੇ ਕਿੱਥੇ ਪੜ੍ਹਣ ਜਾਵੇਂਗੀ - ਅੰਜੂ? ਕੀ ਉਸੇ ਸਕੂਲ ਵਿਚ?

ਅੰਜੂ : ਨਹੀਂ ਚਾਚਾ। ਇਸ ਸਕੂਲ ਤਾਂ ਦਸਵੀਂ ਤਕ ਦਾ ਹੀ ਹੈ! ਸਾਨੂੰ ਅੱਗੇ ਪੜ੍ਹਣ ਲਈ ਤਾਂ ਕਿਸੇ ਦੂਸਰੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਜਾਂ ਬਾਰ੍ਹਵੀਂ ਵਾਲੇ ਕਾਲਜ ਵਿਚ ਜਾਣਾ ਹੋਵੇਗਾ।

ਸੰਜੂ : ਅੱਛਾ, ਇਹ ਗੱਲ ਹੈ? ਇਸ ਲਈ ਤਾਂ ਹੋਰ ਪੈਸਿਆਂ ਦੀ ਜ਼ਰੂਰਤ ਹੋਵੇਗੀ। ਇਹ ਤਾਂ ਫਿਰ ਇਕ ਨਵੀਂ ਸਿਰ-ਦਰਦੀ ਆ ਪਈ!

ਸੁਨੀਤਾ : ਕੀ ਇਹ ਠੇਕੇਦਾਰ ਇਸ ਲਈ ਕੁਝ ਮੱਦਦ ਕਰ ਸਕਦਾ ਹੈ। ਇਸ ਲਈ ਅਸੀਂ, ਓਵਰ ਟਾਈਮ ਕੰਮ ਕਰ ਸਕਦੇ ਹਾਂ। ਆਖਿਰ ਸਾਡੇ ਬੱਚਿਆਂ ਦੇ ਭਵਿੱਖ ਦੀ ਜੋ ਗੱਲ ਹੈ।

ਲਖਨ : ਸੁਨੀਤਾ... ਇਹ ਕਿਹੋ ਜਿਹਾ ਮਜਾਕ ਹੈ। ਜਿਹੜਾ ਵਿਅਕਤੀ ਸਾਨੂੰ ਸਮੇਂ 'ਤੇ ਪੂਰਾ ਪੈਸਾ ਨਹੀਂ ਦੇ ਸਕਦਾ, ਉਸ ਤੋਂ ਅਜਿਹੀਆਂ ਆਸਾਂ ਰੱਖਣਾ ਤਾਂ ਝੋਟਿਆਂ ਦੇ ਘਰੀਂ ਲੱਸੀ ਭਾਲਣ ਵਾਲੀ ਗੱਲ ਹੀ ਐ!

ਸੁਨੀਤਾ : ਪਰ ਬੱਚਿਆਂ ਦੀ ਅਗਲੀ ਪੜ੍ਹਾਈ ਲਈ ਸਾਨੂੰ ਕੋਈ ਰਸਤਾ ਤਾਂ ਲੱਭਣਾ ਹੀ ਹੋਵੇਗਾ। ਹੁਣ ਘਰ ਚਲਣਾ ਚਾਹੀਦਾ ਹੈ। ਲਖਨ, ਤੂੰ ਇਸ ਅੱਗ ਨੂੰ ਬੁਝਾਉਣਾ ਨਾ ਭੁੱਲਣਾ ਤਾ ਕਿ ਕਿਤੇ ਕੋਈ ਦੁਰਘਟਨਾ ਨਾ ਹੋ ਜਾਵੇ!

ਰਜਨੀ : ਅਸੀਂ ਧਿਆਨ ਰੱਖਾਂਗੇ...। ਲਖਨ, ਯਾਦ ਹੈ ਪਿਛਲੇ ਸਾਲ, ਸਰਦੀ ਦੌਰਾਨ ਕੀ ਘਟਨਾ ਹੋਈ ਸੀ? ਕਿਸੇ ਨੇ ਸੁਨੀਤਾ ਦੇ ਘਰ ਦੇ ਕੋਲ, ਜਲਦੀ ਅੱਗ ਨੂੰ ਛੱਡ ਦਿੱਤਾ ਸੀ ....... ਅਤੇ ਕਿੰਨਾ ਭਿਆਨਕ ਕਾਂਡ ਸੀ ਉਹ। ਜੇਕਰ ਸੁਨੀਤਾ ਨੇ ਧਿਆਨ ਨਾ ਦਿੱਤਾ ਹੁੰਦਾ ਤਾਂ, ਸਾਰੇ ਘਰ ਜਲ ਕੇ ਰਾਖ ਬਣ ਗਏ ਹੁੰਦੇ।

ਲਖਨ : ਮੈਨੂੰ ਯਾਦ ਹੈ। ਅੰਜੂ, ਮੈਨੂੰ ਪਾਣੀ ਦਾ ਉਹ ਬਰਤਨ ਦੇਣਾ ਜਰਾ!

ਰਜਨੀ : ਓ... ਜ਼ਿਆਦਾ ਪਾਣੀ ਖਰਾਬ ਨਾ ਕਰਨਾ। ਪਿਛਲੇ ਹਫਤੇ ਤਾਂ ਪਾਣੀ ਆਇਆ ਹੀ ਨਹੀਂ ਸੀ।

ਲਖਨ : ਬਹੁਤ ਅੱਛਾ। ਐਦਾਂ ਹੀ ਕਰਾਂਗਾ। ਤੁਹਾਡੇ ਵਿਚੋਂ ਕੋਈ ਰਜਨੀ ਚਾਚੀ ਨੂੰ ਘਰ ਤਕ ਛੱਡ ਕੇ ਆਵੇਗਾ, ਨਹੀਂ ਤਾਂ ਉਸ ਨੂੰ ਇੱਥੇ ਹੀ ਨੀਂਦ ਆ ਜਾਵੇਗੀ।

ਸੁਨੀਤਾ : ਹੁਣ ਚੱਲਣਾ ਚਾਹੀਦੈ। ਕਲ ਨੂੰ ਕੰਮ ‘ਤੇ ਵੀ ਤਾਂ ਜਾਣਾ ਹੈ।

......ਦ੍ਰਿਸ਼ ਬਦਲਾਅ ਸੰਗੀਤ......

......ਦ੍ਰਿਸ਼ ਦੂਜਾ......

(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)

(ਟੀ. ਵੀ. ਸਟੂਡੀਓ... ਪ੍ਰੋਗਰਾਮ ਨਿਰਮਾਤਾ ਮਜੀਦ... ਇਧਰ-ਉਧਰ ਗੈਲਰੀ ਵਿਚ ਟਹਿਲ ਰਿਹਾ ਹੈ। ਤਾਨੀਆ ਅਪਣਾ ਮੇਕ-ਅੱਪ ਕਰਵਾ ਰਹੀ ਹੈ। ਕੈਮਰਾ ਅਤੇ ਲਾਈਟ ਨੂੰ ਆਪਣੀ ਜਗ੍ਹਾ ਲਗਾਇਆ ਜਾ ਰਿਹਾ ਹੈ)

ਤਾਨੀਆ : ਪਿਛਲੇ ਪ੍ਰੋਗਰਾਮ ਵਿਚ ਮੇਰੀਆਂ ਅੱਖਾਂ ਦੇ ਭਵਰਾਂ ਦੇ ਹੇਠਾਂ ਕਾਲਾਪਣ ਦਿਸ ਰਿਹਾ ਸੀ। ਇਸ ਨੂੰ ਥੋੜ੍ਹਾ ਠੀਕ ਕਰੋ... ਹਾਂ... ਹੁਣ ਠੀਕ ਹੈ। ਬਬਲੂ ਕਿੱਥੇ ਹੈ। ਮੈਨੂੰ ਇਕ ਹੋਰ ਚਾਹ ਚਾਹੀਦੀ ਹੈ।

ਬਬਲੂ : ਤਾਨੀਆ ਮੈਡਮ, ਮੈਂ ਇੱਥੇ ਹੀ ਹਾਂ। ਮੈਨੂੰ ਪਤਾ ਹੈ, ਜਦੋਂ ਤਕ ਤੁਸੀਂ ਦੋ ਕੱਪ ਚਾਹ ਨਹੀਂ ਲੈ ਲੈਂਦੇ... ਕੰਮ ਨਹੀਂ ਕਰ ਪਾਉਂਦੇ। ਇਹ ਰਹੀ ਤੁਹਾਡੀ ਚਾਹ।

## ਚਾਹ ਪਾਉਣ ਦਾ ਧੁਨੀ ਪ੍ਰਭਾਵ ##

ਤਾਨੀਆ : ਚੁੱਪ ਕਰ ਗੱਪੂ... ਅਪਣਾ ਕੰਮ ਕਰ।

ਬਬਲੂ : ਹੋਰ ਕਿਹੜਾ ਕੰਮ। ਨਿਰਮਾਤਾ ਮਹੋਦੇ ਨੂੰ ਤਾਂ ਮੈਂ ਪਹਿਲਾਂ ਹੀ ਤਿੰਨ ਕੱਪ ਚਾਹ ਪਿਲਾ ਚੁਕਿਆ ਹਾਂ। ਬਹੁਤ ਹੀ ਬਚਿੱਤਰ ਜੀਵ ਹੈ (ਹੱਸਦਾ ਹੈ)। ਥੋੜ੍ਹੀ ਜਿਹੀ ਦੇਰ ਹੋਣ ‘ਤੇ ਹੀ ਉਨ੍ਹਾਂ ਦਾ ਪਾਰਾ ਚੜ੍ਹ ਜਾਂਦਾ ਹੈ।

ਤਾਨੀਆ : ਤੂੰ ਕੁਝ ਨਹੀਂ ਸਮਝੇਂਗਾ। ਸਾਰੀਆਂ ਜ਼ਿੰਮੇਵਾਰੀਆਂ ਨਿਰਮਾਤਾ ’ਤੇ ਹੀ ਹੁੰਦੀਆਂ ਹਨ। ਜੇਕਰ ਪ੍ਰੋਗਰਾਮ ਟੈਲੀਕਾਸਟ ਨਹੀਂ ਹੋ ਪਾਉਂਦਾ ਤਾਂ ਸਭ ਕੁਝ ਉਨ੍ਹਾਂ ‘ਤੇ ਹੀ ਆ ਟਿਕਦਾ ਹੈ। ਸਮਝਿਆ...

ਬਬਲੂ : ਅੱਛਾ ਮੈਡਮ, ਅੱਜ ਕਿਹੜੇ-ਕਿਹੜੇ ਕਲਾਕਾਰ ਆ ਰਹੇ ਹਨ। ਮੈਂ ਸੁਣਿਆ ਹੈ. ਸੁਬੀਰ ਕੁਮਾਰ ਸਾਹਬ ਆ ਰਹੇ ਹਨ।

ਤਾਨੀਆ : ਅੱਜ ਦੇ ਪ੍ਰੋਗਰਾਮ ਵਿਚ ਤਾਂ ਕੇਵਲ ਇਕ ਬਹੁਤ ਵੱਡੇ ਵਿਗਿਆਨੀ ਪਹੁੰਚ ਰਹੇ ਹਨ। ਕੋਈ ਫ਼ਿਲਮ ਨਹੀਂ... ਕੋਈ ਸੰਗੀਤ ਨਹੀਂ।

ਬਬਲੂ : ਹੈਂ! ਵਿਗਿਆਨੀ ਵੀ ਕਦੇ ਆਰਟਿਸਟ ਬਣ ਸਕਦਾ ਹੈ? ਮੈਨੂੰ ਤਾਂ ਵਿਸ਼ਵਾਸ ਨਹੀਂ ਹੋ ਰਿਹਾ।

ਤਾਨੀਆ : (ਚਾਹ ਦੀ ਚੁਸਕੀ ਲੈਂਦੇ ਹੋਏ) ਕੀ ਕਿਹਾ ਬਬਲੂ? ਕ੍ਰਿਕਟ ਅਤੇ ਫ਼ਿਲਮਾਂ ਤੋਂ ਸਿਵਾਏ ਤੈਨੂੰ ਕੁਝ ਪਤਾ ਵੀ ਹੈ!

ਬਬਲੂ : ਤੁਹਾਡੇ ਮਨ ਵਿਚ ਜੋ ਆਵੇ, ਕਹਿ ਸਕਦੇ ਹੋ। ਪਰ ਮੇਰਾ ਵਿਸ਼ਵਾਸ ਹੈ ਕਿ ਵਿਗਿਆਨੀ ਕਲਾਕਾਰੀ ਨਹੀਂ ਕਰ ਸਕਦੇ।

ਤਾਨੀਆ : (ਹੱਸਦੇ ਹੋਏ) ਬਬਲੂ, ਆਖਿਰ ਗੱਲ ਕੀ ਹੈ? ਐਨਾ ਗੁੱਸਾ...

ਬਬਲੂ : ਕੀ ਕਹਾਂ ਮੈਡਮ! ਦੋ ਸਾਲ ਪਹਿਲਾਂ, ਉਹ ਸਾਡੇ ਪਿੰਡ ਵਿਚ ਸੋਲਰ ਪੈਨਲ ਲਗਾ ਕੇ ਗਏ ਸੀ। ਕਹਿ ਰਹੇ ਸਨ ਕਿ ਪਿੰਡ ਵਿਚ 24 ਘੰਟੇ ਮੁਫ਼ਤ ਬਿਜਲੀ ਆਵੇਗੀ। ਪਰ ਵੇਖੋ... ਕੁਝ ਵੀ ਨਹੀਂ, ਲਾਈਟ ਵੀ ਨਹੀਂ... ਕੋਈ ਪੈਨਲ ਕੰਮ ਹੀ ਨਹੀਂ ਕਰ ਰਿਹਾ!

ਤਾਨੀਆ : ਤੇਰਾ ਮਤਲਬ ਹੈ, ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰਨ ਵਾਲੇ ਪੈਨਲ। ਜ਼ਰੂਰ ਹੀ ਕੋਈ ਖ਼ਰਾਬੀ ਹੋਵੇਗੀ।

ਮਾਜਿਦ : ਤਾਨੀਆ...ਜੀ! ਸਾਡੇ ਵਿਗਿਆਨੀ ਜਲਦ ਹੀ ਪਹੁੰਚਣ ਵਾਲੇ ਹਨ। ਕੀ ਤੁਸੀਂ ਸਭ ਨੁਕਤਿਆਂ ਅਤੇ ਸਵਾਲਾਂ ਨੂੰ ਧਿਆਨ ਨਾਲ ਪੜ੍ਹ ਲਿਆ ਹੈ।

ਤਾਨੀਆ : ਤੁਸੀਂ ਚਿੰਤਾ ਨਾ ਕਰੋ ਮਾਜਿਦ ਸਾਹਿਬ! ਮੈਂ ਅੱਛੀ ਤਰ੍ਹਾਂ ਰਿਹਰਸਲ ਕਰ ਲਈ ਹੈ।

ਮਾਜਿਦ : ਯਾਦ ਰਹੇ, ਅਸੀਂ ਅਪਣੇ ਦਰਸ਼ਕਾਂ ਨੂੰ ਪੂਰੀ ਜਾਣਕਾਰੀ ਪੇਸ਼ ਕਰਨੀ ਹੈ। ਅੰਕੜਿਆਂ ਦੇ ਨਾਲ-ਨਾਲ, ਅਸੀਂ ਹਕੀਕਤ ਵਿੱਚ ਮਿਲੀ ਸਫਲਤਾ ਦੀਆਂ ਕੁਝ ਕਹਾਣੀਆਂ ਦੇ ਉਦਾਹਰਨ ਵੀ ਪੇਸ਼ ਕਰਨੇ ਹਨ।

ਤਾਨੀਆ : ਠੀਕ ਹੈ ਮਾਜਿਦ ਸਾਹਿਬ! ਮੈਨੂੰ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਦਾ ਪੂਰਾ ਗਿਆਨ ਹੈ।

ਮਾਜਿਦ : ਹਾਂ, ਜਿਹੜੀ ਲੜਾਈ ਪਰਮਾਣੂ ਊਰਜਾ ਉਤਪਾਦਨ 'ਤੇ ਚਲ ਰਹੀ ਹੈ, ਉਸ ਨੂੰ ਵੀ ਚਰਚਾ ਵਿਚ ਬਿੰਦੂ ਬਣਾਉਣਾ ਹੈ। ਵੇਖੋ, ਡਾ. ਬਾਸੂ ਪਹੁੰਚ ਗਏ ਹਨ। ਸਵਾਗਤ ਹੈ... ਡਾ. ਬਾਸੂ।

ਡਾ. ਬਾਸੂ : ਸੌਰੀ ਮਾਜਿਦ, ਥੋੜ੍ਹਾ ਲੇਟ ਹੋ ਗਿਆ। ਲੱਗਦਾ ਹੈ, ਸਟੂਡੀਓ ਵਿਚ ਸਭ ਕੁਝ ਤਿਆਰ ਹੈ। ਕਿਉਂ ਨਾ ਪਹਿਲਾਂ ਆਪਾਂ ਰਿਕਾਰਡਿੰਗ ਹੀ ਕਰ ਲਈਏ।

ਤਾਨੀਆ : ਹੈਲੋ ਡਾ. ਬਾਸੂ। ਮੈਂ ਤਾਨੀਆ। ਮੈਂ ਹੀ ਤੁਹਾਡੇ ਨਾਲ ਭੇਂਟਵਾਰਤਾ ਕਰਨੀ ਹੈ।

ਡਾ. ਬਾਸੂ : ਹੈਲੋ ਮਿਸ ਤਾਨੀਆ। ਕੀ ਹਾਲ ਹੈ?

ਤਾਨੀਆ : ਮੈਂ ਤਾਂ ਠੀਕ ਹਾਂ! ਪਰ...... ਸਾਡਾ ਬਬਲੂ ਖ਼ੁਸ਼ ਨਹੀਂ (ਹੱਸਦੇ ਹੋਏ) ਉਨ੍ਹਾਂ ਦੇ ਪਿੰਡ ਵਿਚ, ਹੁਣ ਵੀ ਬਿਜਲੀ ਨਹੀਂ ਹੈ... ਹਾਲਾਂਕਿ ਸੋਲਰ ਪੈਨਲ ਲਗਾ ਦਿੱਤੇ ਸਨ।

ਡਾ. ਬਾਸੂ : ਬਬਲੂ ਦਾ ਗੁੱਸੇ ਹੋਣਾ ਵਾਜਿਬ ਹੈ। ਸੋਲਰ ਪੈਨਲ ਲੱਗਣ ਦੇ ਬਾਵਜੂਦ ਬਿਜਲੀ ਨਾ ਚੱਲੇ ਤਾਂ ਗੁੱਸੇ ਤਾਂ ਲੋਕ ਹੋਣਗੇ ਹੀ!

ਬਬਲੂ : ਸਰ... ਤੁਹਾਡੀ ਚਾਹ...

ਡਾ. ਬਾਸੂ : ਧੰਨਵਾਦ ਬਬਲੂ। ਤੇਰਾ ਪਿੰਡ ਕਿਥੇ ਹੈ?

ਬਬਲੂ : ਸਰ... ਮੇਰਾ ਪਿੰਡ ਬਿਹਾਰ ਵਿੱਚ ਹੈ!

ਮਾਜਿਦ : ਮੈਂ ਉਨ੍ਹਾਂ ਖੇਤਰਾਂ ਵਿਚ ਡਾਕੂਮੈਂਟਰੀ ਦੀ ਸ਼ੂਟਿੰਗ ਦੇ ਸਬੰਧ ਵਿਚ ਗਿਆ ਹਾਂ। ਜ਼ਿਆਦਾਤਰ ਪਿੰਡਾਂ ਵਿਚ ਬਿਜਲੀ ਪਹੁੰਚ ਗਈ ਹੈ।

ਡਾ. ਬਾਸੂ : ਸਹੀ ਹੈ। ਸਭ ਪਿੰਡਾਂ ਨੂੰ ਇਕ ਹੀ ਸ਼੍ਰੇਣੀ ਵਿਚ ਨਹੀਂ ਰੱਖ ਸਕਦੇ। ਪਿਛਲੇ ਕੁਝ ਸਾਲਾਂ ਵਿਚ ਬਹੁਤ ਵਿਕਾਸ ਹੋਇਆ ਹੈ। ਵਿਸ਼ਵ ਦੀ ਸੰਨ 2018 ਦੀ ਊਰਜਾ ਰਿਪੋਰਟ ਦੇ ਅਨੁਸਾਰ ਹੁਣ ਤਾਂ ਕੁਝ ਕਰੋੜ ਤੋਂ ਵੀ ਘੱਟ ਹੀ ਲੋਕ ਬਚੇ ਹਨ ਜਿਹਨਾਂ ਦੀ ਪਹੁੰਚ ਬਿਜਲੀ ਊਰਜਾ ਤੱਕ ਨਹੀਂ ਹੈ।

ਤਾਨੀਆ : ਹਾਂ ਜੀ, ਮੈਂ ਵੀ ਕੁਝ ਸਰਕਾਰੀ ਅੰਕੜੇ ਵੇਖ ਰਹੀ ਸੀ, ਜਿਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਹੀ ਜਾਰੀ ਕੀਤਾ ਗਿਆ ਸੀ। ਇਨ੍ਹਾਂ ਵਿਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਝਾਰਖੰਡ ਦੇ ਬਹੁਤ ਸਾਰੇ ਘਰਾਂ ਨੂੰ ਬਿਜਲੀ ਦੀ ਸਪਲਾਈ ਹੋ ਚੁੱਕੀ ਹੈ!

ਡਾ. ਬਾਸੂ : ਮਾਜਿਦ ਸਾਹਿਬ, ਤੁਹਾਡੀ ਐਂਕਰ ਬਹੁਤ ਹੁਸ਼ਿਆਰ ਹੈ। ਉਸ ਨੇ ਅੱਛੀ ਤਿਆਰੀ ਕੀਤੀ ਹੋਈ ਹੈ। ਪਰ ਸਾਨੂੰ ਇਸ ਤੋਂ ਅੱਗੇ ਵੇਖਣ ਦੀ ਜ਼ਰੂਰਤ ਹੈ। ਕਾਗਜ਼ਾਂ ਦੇ ਅੰਕੜੇ ਅਤੇ ਕੰਪਿਊਟਰ ਤੋਂ ਪ੍ਰਾਪਤ ਸੂਚਨਾਵਾਂ ਹਮੇਸ਼ਾ ਵਾਸਤਵਿਕ ਸਥਿਤੀ ਨੂੰ ਬਿਆਨ ਨਹੀਂ ਕਰ ਸਕਦੀਆਂ।

ਤਾਨੀਆ : ਡਾ. ਬਾਸੂ, ਕੀ ਤੁਸੀਂ ਕਹਿਣਾ ਚਾਹੁੰਦੇ ਹੋ ਕਿ ਬਬਲੂ ਵਾਲਾ ਉਦਾਹਰਨ ਹੋਰ ਥਾਵਾਂ 'ਤੇ ਵੀ ਮਿਲੇਗਾ?

ਡਾ. ਬਾਸੂ : ਹਾਂ! ਪਰ ਇਹ ਵੀ ਸੱਚ ਹੈ ਕਿ ਬਹੁਤ ਸਾਰੇ ਘਰਾਂ ਵਿੱਚ ਬਿਜਲੀ ਪਹੁੰਚਣ ਕਾਰਨ ਸਾਡੀ ਉਤਪਾਦਨ ਦੀ ਦਰ ਵਧਦੀ ਹੈ। ਇਸ ਨਾਲ ਮਿੱਟੀ ਦੇ ਤੇਲ ਦੀ ਖ਼ਪਤ ਵੀ ਘੱਟ ਜਾਂਦੀ ਹੈ ਅਤੇ ਆਰਥਿਕ ਖ਼ੁਸ਼ਹਾਲੀ ਵੀ ਆਉਂਦੀ ਹੈ।

ਮਾਜਿਦ : ਮੇਰਾ ਵੀ ਇਹੀ ਮੰਨਣਾ ਹੈ ਕਿ ਪਿੰਡਾਂ ਵਿੱਚ ਮਿੱਟੀ ਦੇ ਤੇਲ ਦੀ ਵਰਤੋਂ ਹੌਲੀ-ਹੌਲੀ ਘਟ ਰਹੀ ਹੈ। ਇਹ ਸਾਡੇ ਵਾਤਾਵਰਨ ਲਈ ਵੀ ਚੰਗੀ ਗੱਲ ਹੈ।

ਡਾ. ਬਾਸੂ : ਤੁਸੀਂ ਠੀਕ ਕਹਿ ਰਹੇ ਹੋ। ਸਾਡੀ ਸਰਕਾਰ ਨੇ ਇਸ ਦੇ ਮਾੜ੍ਹੇ ਪ੍ਰਭਾਵਾਂ ਨੂੰ ਭਾਂਪ ਲਿਆ ਹੈ।ਇਸ ਲਈ ਸੂਰਜੀ ਰੌਸ਼ਨੀ ਦੇ ਨਾਲ-ਨਾਲ ਰਸੋਈ ਗੈਸ ਸਭ ਤੋਂ ਜ਼ਿਆਦਾ ਕਾਰਗਰ ਸਿੱਧ ਹੋ ਰਹੀ ਹੈ। ਸੰਨ 2017 ਦੇ ਅੰਤ ਤਕ ਮਿੱਟੀ ਦੇ ਤੇਲ ਦੀ ਖ਼ਪਤ ਵਿਚ 20% ਤਕ ਦੀ ਕਮੀ ਆ ਚੁੱਕੀ ਸੀ।

ਤਾਨੀਆ : ਡਾ. ਬਾਸੂ, ਕੀ ਅਸੀਂ ਰਸੋਈ ਗੈਸ ਤੱਕ ਲੋਕਾਂ ਦੀ ਪਹੁੰਚ ਨੂੰ ਪ੍ਰਤੀਸ਼ਤ ਵਿਚ ਦੱਸ ਸਕਦੇ ਹਾਂ?

ਡਾ. ਬਾਸੂ : ਤਾਨੀਆ, ਤੁਹਾਡਾ ਵੀ ਕੋਈ ਮੁਕਾਬਲਾ ਨਹੀਂ! ਜਰਾ ਠੰਢ ਰੱਖੋ! ਮੈਂ ਉਹ ਸਾਰੇ ਅੰਕੜੇ ਦੱਸਦਾ ਹਾਂ ਜਿਹੜੇ ਤੁਹਾਨੂੰ ਚਾਹੀਦੇ ਹਨ। ਸਾਲ 2018 ਦੇ ਸ਼ੁਰੂ ਤੱਕ ਘਰਾਂ ਵਿਚ ਰਸੋਈ ਗੈਸ ਕੁਨੈਕਸ਼ਨ 72% ਸਨ, ਉਸ ਦੇ ਬਾਅਦ, ਉਸ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ।

ਤਾਨੀਆ : ਡਾ. ਬਾਸੂ! ਸੂਰਜੀ ਊਰਜਾ ਦਾ ਭੰਡਾਰ ਕਰਨ ਵਾਸਤੇ ਬੈਟਰੀਆਂ ਦੀ ਵੀ ਤਾਂ ਲੋੜ ਹੈ! ਉਹ ਵੀ ਤਾਂ ਨਕਾਰਾ ਹੋ ਕੇ ਕਚਰਾ ਬਣ ਕੇ ਪਰਿਆਵਰਨ ਨੂੰ ਪ੍ਰਦੂਸ਼ਿਤ ਕਰਨ ਦਾ ਵੱਡਾ ਸ੍ਰੋਤ ਬਣਦੀਆਂ ਨੇ!

ਡਾ. ਬਾਸੂ : ਸਹੀ ਕਿਹਾ, ਪਰ ਅੱਜ ਕਲ੍ਹ ਤਾਂ ਤੁਸੀਂ ਆਪਣੇ ਸੌਰ ਪੈਨਲ ਦੀ ਬਿਜਲੀ ਨੂੰ ਗਰਿੱਡ ਨਾਲ ਜੋੜ ਸਕਦੇ ਹੋ ਅਤੇ ਤੁਹਾਨੂੰ ਬਿਨਾ ਬੈਟਰੀ ਦੇ ਹੀ ਬਿਜਲੀ ਮਿਲ ਸਕਦੀ ਹੈ!

ਤਾਨੀਆ : ਡਾ. ਬਾਸੂ! ਕਈ ਦੂਰ ਦੁਰਾਡੇ ਇਲਾਕਿਆਂ ਵਿੱਚ ਤਾਂ ਗਰਿੱਡ ਪ੍ਰਣਾਲੀ ਹੈ ਹੀ ਨਹੀਂ!

ਡਾ. ਬਾਸੂ : ਉਨ੍ਹਾਂ ਇਲਾਕਿਆਂ ਵਿੱਚ ਬੈਟਰੀ ਦੀ ਲੋੜ ਪੈਂਦੀ ਹੈ ਪਰ ਉਹ ਬਹੁਤ ਹੀ ਘੱਟ ਇਲਾਕੇ ਹਨ ਅਤੇ ਉਥੇ ਐਨੀਆਂ ਜਿਆਦਾ ਬੈਟਰੀਆਂ ਦੀ ਲੋੜ ਵੀ ਨਹੀਂ ਪੈਂਦੀ!

ਤਾਨੀਆ : ਪਰ ਡਾ. ਬਾਸੂ! ਜਿੱਥੇ ਕੁਦਰਤੀ ਆਫਤਾਂ ਆਉਂਦੀਆਂ ਰਹਿੰਦੀਆਂ ਨੇ ਉਥੇ ਤਾਂ ਗਰਿੱਡ ਪ੍ਰਣਾਲੀ ਵੀ ਟੁੱਟਦੀ ਰਹਿੰਦੀ ਹੈ!

ਡਾ. ਬਾਸੂ : ਹਾਂ ਸਹੀ ਕਿਹਾ! ਇਨ੍ਹਾਂ ਇਲਾਕਿਆਂ ਵਿੱਚ ਦੋਹਰਾ ਪ੍ਰਬੰਧ ਕੀਤਾ ਜਾਂਦਾ ਹੈ! ਬੈਟਰੀ ਵਿੱਚ ਬਿਜਲੀ ਭੰਡਾਰਣ ਵੀ ਹੁੰਦਾ ਹੈ ਅਤੇ ਨਾਲ ਹੀ ਗਰਿੱਡ ਪ੍ਰਣਾਲੀ ਨਾਲ ਵੀ ਜੋੜਿਆ ਜਾਂਦਾ ਹੈ!

ਤਾਨੀਆ : ਅੱਛਾ! ਤਾਂ ਜਦ ਗਰਿੱਡ ਫੇਲ੍ਹ ਹੋ ਜਾਵੇ ਤਦ ਬੈਟਰੀ ਵਿੱਚੋਂ ਊਰਜਾ ਦੀ ਨਿਰਵਿਘਣ ਪ੍ਰਾਪਤੀ!

ਡਾ. ਬਾਸੂ : ਹਾਂ ਬਿਲਕੁਲ ਠੀਕ! ਪਿੰਡ ਜਾਂ ਬਸਤੀ ਦੀ ਸਾਂਝੀ ਬੈਟਰੀ ਲਾਈਨ ਜਾਂ ਗਰਿੱਡ ਹੈ ਉਥੋਂ ਦੀ ਊਰਜਾ ਹੱਟੀ ਯਾਣੀ ਊਰਜਾ ਕੇਂਦਰ!

ਤਾਨੀਆ : ਡਾ. ਬਾਸੂ ਸੌਰ ਊਰਜਾ ਦੇ ਪਿਛੇ ਕਿਹੜਾ ਸਿਧਾਂਤ ਕੰਮ ਕਰਦਾ ਹੈ?

ਡਾ. ਬਾਸੂ : ਦਰਅਸਲ ਇਸ ਦਾ ਸਿਧਾਂਤ ਹੈ ਫੋਟੋਵੋਲਟਿਕ ਪ੍ਰਭਾਵ! ਕੁਝ ਅਜਿਹੇ ਪਦਾਰਥ ਹਨ ਜਿਨ੍ਹਾਂ ਉਪਰ ਜਦ ਸੂਰਜ ਦੀ ਰੋਸ਼ਨੀ ਪੈਂਦੀ ਹੈ ਤਾਂ ਉਹ ਉਸ ਰੋਸਨੀ ਦੇ ਫੋਟੋਨਾਂ ਨੂੰ ਜਜ਼ਬ ਕਰ ਲੈਂਦੇ ਹਨ ਅਤੇ ਇਲੈਕਟ੍ਰਾਨਾਂ ਦੀ ਧਾਰਾ ਛੱਡ ਦਿੰਦੇ ਹਨ! ਇਸ ਪ੍ਰਕਿਰਿਆ ਨੂੰ ਕਹਿੰਦੇ ਨੇ ਫੋਟੋ ਵੋਲਟਿਕ ਪ੍ਰਭਾਵ! ਜਿਹੜੇ ਸੌਰ ਪੈਨਲ ਲੱਗੇ ਹੁੰਦੇ ਹਨ ਉਨ੍ਹਾਂ ਵਿੱਚ ਅਨੇਕਾਂ ਹੀ ਅਜਿਹੇ ਫੋਟੋਵੋਲਟਿਕ ਸੈਲ ਕਤਾਰਬੰਦੀ ਵਿੱਚ ਬੀੜੇ ਹੁੰਦੇ ਹਨ!

ਮਾਜਿਦ : ਸਰ! ਸਟੂਡੀਓ ਵਿਚ ਚੱਲੀਏ। ਤਿਆਰੀ ਤਾਂ ਪੂਰੀ ਹੋ ਚੁਕੀ ਹੈ।

ਡਾ. ਬਾਸੂ : ਹਾਂ, ਮੈਂ ਤਿਆਰ ਹਾਂ। ਚਾਹ ਨਾਲ ਵੈਸੇ ਵੀ ਤਾਜ਼ਗੀ ਆ ਗਈ! ਅੱਛਾ ਚਲੋ।

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਤੀਜਾ......**

**(ਦ੍ਰਿਸ਼ ਬਦਲਾਅ ਸੰਗੀਤ ............................ਮੱਧਮ ਪੈਂਦਾ ਹੈ)**

**(ਡਾ. ਬਾਸੂ ਦੇ ਸਾਥੀ, ਉਸ ਕੱਚੀ ਬਸਤੀ ਵੱਲ ਚਲ ਪੈਂਦੇ ਹਨ... ਜਿਥੋਂ ਅਸੀਂ ਪਹਿਲਾਂ ਸ਼ੁਰੂ ਕੀਤਾ ਸੀ)**

ਲਖਨ : ਅਰੇ... ਵਿਗਿਆਨੀ ਬਾਬੂ। ਕਿਵੇਂ ਹੋ? ਸਾਨੂੰ ਤੁਸੀਂ ਦੱਸ ਦਿੰਦੇ ਕਿ ਤੁਸੀਂ ਆ ਰਹੇ ਹੋ। ਮੈਂ ਅਪਣਾ ਫੋਨ ਨੰਬਰ ਦੇਣਾ ਭੁੱਲ ਗਿਆ ਸੀ।

ਡਾ. ਬਾਸੂ : ਲਖਨ, ਤੁਸੀਂ ਫੋਨ ਨੰਬਰ ਤਾਂ ਦਿੱਤੇ ਸਨ। ਪਰ ਮੈਂ ਤੁਹਾਨੂੰ ਸ਼ੁਰਪਰਸਿਇ ਦੇਣਾ ਚਾਹੁੰਦਾ ਸੀ।

ਲਖਨ : ਕੀ ਤੁਸੀਂ ਗੋਪਾਲ, ਅੰਜੂ, ਨੈਨਾ, ਕ੍ਰਿਸ਼ਨਾ ਅਤੇ ਸ਼ੰਭੂ ਦੀ ਸਫਲਤਾ ਬਾਰੇ ਸੁਣਿਆ ਹੈ।

ਡਾ. ਬਾਸੂ : ਹਾਂ ਬਿਲਕੁਲ। ਇਸੇ ਲਈ ਤਾਂ ਮੈਂ ਇੱਥੇ ਆਇਆ ਹਾਂ। ਮੈਂ ਉਹਨਾਂ ਲਈ ਕੁਝ ਤੋਹਫੇ ਲਿਆਇਆ ਹਾਂ। ਕਿੱਥੇ ਹਨ ਉਹ ਸਭ...?

**ਲਖਨ** : ਉਹ ਟਿਊਸ਼ਨ ਲਈ ਗਏ ਹਨ। ਬਸ ਆਉਣ ਵਾਲੇ ਹੀ ਹਨ।

**(ਸਭ ਬਸਤੀ ਵਾਲੇ ਇਕੱਠੇ ਹੋ ਜਾਂਦੇ ਹਨ ਅਤੇ ਡਾ. ਬਾਸੂ ਦੇ ਲਈ ਸਟੂਲ ਮੰਗਵਾਉਂਦੇ ਹਨ)**

**ਬੀਜੂ** : ਸਰ, ਤੁਸੀਂ ਇੱਥੇ ਬੈਠੋ। ਮੈਂ ਚਾਹ ਦਾ ਪ੍ਰਬੰਧ ਕਰਦਾ ਹਾਂ।

**ਡਾ. ਬਾਸੂ** : ਬੀਜੂ, ਤੂੰ ਪਰੇਸ਼ਾਨ ਨਾ ਹੋ। ਮੈਂ ਥੋੜ੍ਹੀ ਦੇਰ ਪਹਿਲਾਂ ਹੀ ਚਾਹ ਪੀਤੀ ਹੈ। ਮੈਂ ਤਾਂ ਬੱਚਿਆਂ ਨੂੰ ਮਿਲਣ ਲਈ ਆਇਆ ਹਾਂ।

**ਸੁਨੀਤਾ** : ਸਰ, ਤੁਸੀਂ ਵੇਖਣਾ ਚਾਹੋਗੇ, ਸਾਡੇ ਘਰ ਰੋਸ਼ਨੀ ਨਾਲ ਕਿਸ ਤਰ੍ਹਾਂ ਚਮਕ ਰਹੇ ਹਨ। ਇਹ ਸਭ ਤੁਹਾਡਾ ਦਿੱਤਾ ਹੋਇਆ ਹੈ।

**ਡਾ. ਬਾਸੂ** : (ਹੱਸਦੇ ਹੋਏ) ਸਾਰਾ ਸਿਹਰਾ ਮੈਨੂੰ ਨਾ ਦਿਓ। ਇਹ ਸਭ ਇਕ ਰਾਸ਼ਟਰੀ ਮਿਸ਼ਨ ਦੇ ਤਹਿਤ ਹੋਇਆ ਹੈ ਅਤੇ ਮੈਂ ਉਸੇ ਦਾ ਹੀ ਇਕ ਅੰਗ ਹਾਂ।

**ਸੰਜੂ** : ਸਰ... ਤੁਹਾਡਾ ਭਾਵ ਮਿਸ਼ਨਰੀ ਸਕੂਲ ਤੋਂ ਹੈ। ਕੀ ਉਹ ਤੁਹਾਨੂੰ ਸਹਿਯੋਗ ਕਰ ਰਹੇ ਹਨ? ਉਹ ਤਾਂ ਇਕ ਬਹੁਤ ਵੱਡਾ ਸਕੂਲ ਹੈ।

**ਡਾ. ਬਾਸੂ** : ਸੰਜੂ ਇਹ ਉਹ ਸਕੂਲ ਨਹੀਂ! ਇਹ ਤਾਂ ਸਾਡੇ ਦੇਸ਼ ਦੀ ਇਕ ਯੋਜਨਾ ਹੈ।ਉਹ ਵੇਖੋ... ਅੰਜੂ.. ਗੋਪਾਲ ਸਾਰੇ ਬੱਚੇ ਚਲੇ ਆ ਰਹੇ ਹਨ।

**ਬੱਚੇ** : ਸਰ... ਸਰ, ਤੁਸੀਂ ਕਦੋਂ ਆਏ?

**ਅੰਜੂ** : ਤੁਸੀਂ ਸਾਨੂੰ ਪਹਿਲਾਂ ਕਿਉਂ ਨਹੀਂ ਦੱਸਿਆ ਕਿ ਤੁਸੀਂ ਅੱਜ ਆਉਣ ਵਾਲੇ ਹੋ।

**ਡਾ. ਬਾਸੂ** : ਜੇ ਦੱਸ ਦਿੰਦਾ ਤਾਂ ਆਹ ਸਰਪਰਾਈਜ਼ ਕਿਵੇਂ ਦਿੰਦਾ! ਅੱਛਾ ਸਭ ਇਥੇ ਆਓ। ਇਹ ਗਿਫਟ ਕਿਵੇਂ ਹਨ?

**ਸਾਰੇ ਬੱਚੇ** : ਗਿਫਟ... ਵਾਹ! ਸਾਡੇ ਲਈ।

**ਅੰਜੂ** : ਮਹਾਨ ਵਿਗਿਆਨੀਆਂ ਦੀਆਂ ਜੀਵਨੀਆਂ! ਇਹ ਮੇਰੇ ਲਈ। ਧੰਨਵਾਦ ਸਰ!

**ਡਾ. ਬਾਸੂ** : ਤੁਹਾਨੂੰ ਬਹੁਤ ਬਹੁਤ ਵਧਾਈਆਂ!

**ਸੁਨੀਤਾ** : ਅੰਜੂ... ਅੰਦਰ ਆ! ਵਿਗਿਆਨੀ ਬਾਬੂ... ਤੁਸੀਂ ਕਿਸ ਮਿਸ਼ਨ ਦੀ ਗੱਲ ਕਰ ਰਹੇ ਸੀ।

ਡਾ. ਬਾਸੂ : ਇਹ ਰਾਸ਼ਟਰੀ ਸੋਲਰ ਮੁਹਿੰਮ ਹੈ। ਇਸ ਨੂੰ ਸੰਨ 2010 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਸੂਰਜ ਦੀ ਊਰਜਾ ਤੋਂ 20 ਗੀਗਾਵਾਟ ਬਿਜਲੀ ਉਤਪਾਦਨ ਦਾ ਉਦੇਸ਼ ਰੱਖਿਆ ਗਿਆ ਸੀ।

ਬੀਜੂ : ਕੀ ਕਿਹਾ... ਗੀਗਾ...

ਅੰਜੂ : ਪਾਪਾ, ਮੈਂ ਸਮਝਾਉਂਦੀ ਹਾਂ। ਜਿਵੇਂ ਦੁੱਧ ਨੂੰ ਲੀਟਰ ਵਿਚ ਨਾਪਦੇ ਹਾਂ ਉਸੇ ਪ੍ਰਕਾਰ ਬਿਜਲੀ ਊਰਜਾ ਨੂੰ ਅਸੀਂ ਵਾਟ ਨਾਲ ਨਾਪਦੇ ਹਾਂ। ਗੀਗਾਵਾਟ ਇਸ ਦਾ ਕਈ ਗੁਣਾ ਹੁੰਦਾ ਹੈ। ਇਕ ਸੌ ਕਰੋੜ ਵਾਟ ਦਾ ਬਣਦਾ ਹੈ ਇੱਕ ਗੀਗਾ ਵਾਟ!

ਡਾ. ਬਾਸੂ : ਵਾਹ! ਇਸ ਬਸਤੀ ਦੇ ਬੱਚੇ ਤਾਂ ਬਹੁਤ ਹੀ ਹੋਣਹਾਰ ਹਨ। 20 ਗੀਗਾ ਵਾਟ ਸੋਲਰ ਬਿਜਲੀ ਉਤਪਾਦਨ ਦਾ ਉਦੇਸ਼ ਹੈ ਪ੍ਰਦੂਸ਼ਣ ‘ਤੇ ਕਾਬੂ ਪਾ ਕੇ ਜਲਵਾਯੂ-ਬਦਲਾਅ ‘ਤੇ ਕਾਬੂ ਪਾਉਣਾ।

ਸੰਜੂ : ਜਲਵਾਯੂ ਵਿਚ ਬਦਲਾਅ.... ਤੁਸੀਂ ਠੀਕ ਕਹਿ ਰਹੇ ਹੋ ਵਿਗਿਆਨੀ ਬਾਬੂ। ਪਿਛਲੇ ਦੋ ਸਾਲਾਂ ਤੋਂ ਸਾਡੇ ਇਥੇ ਬਹੁਤ ਘੱਟ ਬਾਰਿਸ਼ ਹੋ ਰਹੀ ਹੈ। ਮੈਨੂੰ ਤਾਂ ਲੱਗਦਾ ਹੈ ਕਿ ਇਹ ਸਭ ਇਸ ਦੇ ਕਾਰਨ ਹੀ ਹੋ ਰਿਹਾ ਹੈ।

ਡਾ. ਬਾਸੂ : ਸੰਜੂ, ਵਿਗਿਆਨੀ ਕਹਿੰਦੇ ਹਨ ਕਿ ਤੁਰੰਤ ਕਿਸੇ ਨਤੀਜੇ ‘ਤੇ ਨਹੀਂ ਪਹੁੰਚ ਜਾਣਾ ਚਾਹੀਦਾ! ਕੁਝ ਸਾਲਾਂ ਲਈ ਵਰਖਾ ਦਾ ਘਟਣਾ ਇਕ ਸਾਧਾਰਨ ਜਿਹੀ ਘਟਨਾ ਵੀ ਹੋ ਸਕਦੀ ਹੈ।

ਬੀਜੂ : ਪਰ ਸਾਡੇ ਪਿੰਡ ਵਿਚ ਤਾਂ ਕੋਈ ਵਿਸ਼ੇਸ਼ ਬਦਲਾਅ ਨਹੀਂ ਵੇਖਿਆ ਗਿਆ!

ਡਾ. ਬਾਸੂ : ਠੀਕ ਨੇ ਤੁਹਾਡੇ ਅਨੁਭਵ! ਪਰ ਇਹ ਵੀ ਸੱਚ ਹੈ ਕਿ ਵਾਤਾਵਰਨ ਬਦਲਾਅ ਇਕ ਜਾਂ ਦੋ ਪਿੰਡਾਂ ਤਕ ਸੀਮਿਤ ਨਹੀਂ ਰਹਿੰਦਾ ਹੈ। ਇਹ ਵਿਸ਼ਵ-ਭਰ ਨੂੰ ਪ੍ਰਭਾਵਿਤ ਕਰਦਾ ਹੈ। ਜਿਥੇ ਤੁਹਾਡੇ ਲਈ ਬਾਰਿਸ਼ ਘੱਟ ਹੋ ਸਕਦੀ ਹੈ, ਉਥੇ ਹੀ ਦੂਸਰੇ ਖੇਤਰਾਂ ਵਿਚ ਜ਼ਿਆਦਾ ਬਾਰਿਸ਼ ਹੋ ਸਕਦੀ ਹੈ। ਹੜ੍ਹ ਆ ਸਕਦਾ ਹੈ ਅਤੇ ਬਹੁਤ ਜ਼ਿਆਦਾ ਤੂਫ਼ਾਨ ਅਤੇ ਚੱਕਰਵਾਤ ਦੀਆਂ ਘਟਨਾਵਾਂ ਹੋ ਸਕਦੀਆਂ ਹਨ।

ਬੀਜੂ : ਪਰ ਸਾਡਾ ਪਿੰਡ......

ਅੰਜੂ : ਪਾਪਾ, ਵਾਤਾਵਰਨ ਵਿਚ ਬਦਲਾਅ ਕਈ ਸਾਲਾਂ ਬਾਅਦ ਹੁੰਦੇ ਹਨ। ਪਰ ਹੁਣ ਅਸੀਂ ਉਸ ਨੂੰ ਮਹਿਸੂਸ ਕਰ ਸਕਦੇ ਹਾਂ। ਵਿਗਿਆਨੀ ਬਾਬੂ ਇਹ ਨਹੀਂ ਕਹਿ ਰਹੇ ਕਿ ਘੱਟ ਬਾਰਿਸ਼ ਦਾ ਹੋਣਾ ਇਸ ਦੇ ਨਾਲ ਸਬੰਧ ਨਹੀਂ ਰੱਖਦਾ। ਉਨ੍ਹਾਂ ਦੇ ਕਹਿਣ ਦਾ ਤਾਂ ਕੇਵਲ ਐਨਾ ਕੁ ਅਰਥ ਹੈ ਕਿ

ਇਸ ਪ੍ਰਕਾਰ ਦੀਆਂ ਪ੍ਰਸਥਿਤੀਆਂ ਦਾ ਅਨੁਮਾਨ ਕਈ ਸਾਲਾਂ ਦੇ ਅਧਿਐਨ ਤੋਂ ਬਾਅਦ ਹੀ ਲਗਾਇਆ ਜਾ ਸਕਦਾ ਹੈ।

ਡਾ. ਬਾਸੂ : ਅੰਜੂ ਸਹੀ ਕਹਿ ਰਹੀ ਹੈ! ਸਾਡੇ ਸੋਲਰ ਮਿਸ਼ਨ ਦਾ ਉਦੇਸ਼ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਘੱਟ ਕਰਨਾ ਹੈ। ਇਸ ਨਾਲ ਪ੍ਰਿਥਵੀ ਦੇ ਵਾਤਾਵਰਨ ਦੇ ਤਾਪਮਾਨ ਦੇ ਵਾਧੇ 'ਤੇ ਰੋਕ ਲੱਗੇਗੀ!

ਸੁਨੀਤਾ : ਹਾਂ ਜੀ! ਜਿਹੜੀਆਂ ਸੋਲਰ ਲਾਈਟਾਂ ਸਾਨੂੰ ਦਿੱਤੀਆਂ ਗਈਆਂ ਹਨ, ਉਨ੍ਹਾਂ ਨਾਲ ਤਾਂ ਕੋਈ ਧੂੰਆਂ ਵੀ ਨਹੀਂ ਨਿੱਕਲਦਾ ਨਾ!

ਅੰਜੂ : ਹਾਂ ਮੰਮੀ! ਸੋਲਰ ਲਾਈਟਾਂ ਨਾਲ ਤਾਂ ਕਿਸੇ ਪ੍ਰਕਾਰ ਦੀਆਂ ਗੈਸਾਂ ਦਾ ਉਤਸਰਜਨ ਨਹੀਂ ਹੁੰਦਾ!

ਡਾ. ਬਾਸੂ : ਬਿਲਕੁਲ ਠੀਕ! ਹੁਣ ਸੌਰ ਊਰਜਾ ਦੇ ਉਤਪਾਦਨ ਦਾ ਟੀਚਾ ਵਧਾ ਕੇ 31 ਮਾਰਚ 2022 ਤੱਕ ਦਾ 227 ਗੀਗਾਵਾਟ ਕਰ ਦਿੱਤਾ ਗਿਆ ਹੈ ਅਤੇ ਸਬਸਿਡੀ ਵਾਸਤੇ ਵੀ 5000 ਕਰੋੜ ਰੁਪਏ ਰੱਖੇ ਗਏ ਹਨ!

ਅੰਜੂ : ਸਰ! ਕੀ ਅਜਿਹਾ ਨਹੀਂ ਲੱਗਦਾ ਕਿ ਇਹ ਬਹੁਤ ਵੱਡਾ ਟੀਚਾ ਹੈ। ਹਾਲਾਂਕਿ ਅਸੀਂ ਸਭ ਇਸ ਦੇ ਪੱਖ ਵਿਚ ਹਾਂ, ਪਰ ਕੀ ਇਸ ਨੂੰ ਪ੍ਰਾਪਤ ਕੀਤਾ ਜਾ ਸਕੇਗਾ?

ਡਾ. ਬਾਸੂ : ਅੰਜੂ ਤੇਰੇ ਤਰਕ ਬਹੁਤ ਸ਼ਾਨਦਾਰ ਹਨ। ਕਿਆ ਬਾਤ ਹੈ। ਹਾਂ ਇਹ ਇਕ ਵੱਡਾ ਟੀਚਾ ਹੈ ਪਰ ਅਸੰਭਵ ਨਹੀਂ! ਗ਼ੈਰ-ਪਰੰਪਰਾਗਤ ਊਰਜਾ ਸ੍ਰੋਤਾਂ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ! ਸੋਲਰ ਊਰਜਾ ਉਤਪਾਦਨ ਦੇ ਖੇਤਰ ਵਿਚ, ਜੇਕਰ ਅਸੀਂ ਨੰਬਰ ਇਕ ਰਾਸ਼ਟਰ ਬਣਨਾ ਹੈ, ਤਾਂ ਇਹ ਕਰਨਾ ਹੀ ਹੋਵੇਗਾ।

ਬੀਜੂ : ਵਿਗਿਆਨੀ ਬਾਬੂ! ਗੱਲ ਤਾਂ ਤੁਹਾਡੀ ਠੀਕ ਹੀ ਜਾਪਦੀ ਐ!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ**......

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

**## ਸਾਰੇ ਚਾਹ ਪੀ ਰਹੇ ਹਨ! ਰਜਨੀ ਚਾਚੀ ਦਾ ਪ੍ਰਵੇਸ਼ ##**

ਰਜਨੀ : ਵਿਗਿਆਨੀ ਬਾਬੂ, ਮੇਰੇ ਲਈ ਚੱਲਣਾ-ਫਿਰਨਾ ਥੋੜ੍ਹਾ ਮੁਸ਼ਕਿਲ ਹੈ। ਬੁਢਾਪੇ ਦਾ ਜੋ ਤਕਾਜਾ ਠਹਰਿਆ। ਪਰ ਤੁਸੀਂ ਆਏ ਹੋਏ ਹੋ, ਇਸੇ ਲਈ ਮੈਂ ਇਥੇ ਚਲੀ ਆਈ।

ਡਾ. ਬਾਸੂ : ਓਹ! ਤੁਸੀਂ ਕਿਉਂ ਤਕਲੀਫ ਕੀਤੀ? ਮੈਨੂੰ ਦੱਸ ਦਿੰਦੇ, ਮੈਂ ਆ ਜਾਂਦਾ।

ਰਜਨੀ : ਤੁਸੀਂ ਕਦੇ ਫੇਰ ਆ ਜਾਣਾ, ਮੈਂ ਤੁਹਾਡੇ ਲਈ ਥੋੜ੍ਹਾ ਦੁੱਧ ਲਿਆਈ ਹਾਂ। ਮਨ੍ਹਾਂ ਨਾ ਕਰਨਾ। ਅਸੀਂ ਗਰੀਬ ਹਾਂ, ਪਰ ਬਿਨ੍ਹਾਂ ਕੁਝ ਖਾਏ ਜਾਣ ਨਹੀਂ ਦਿਆਂਗੇ।

ਡਾ. ਬਾਸੂ : ਮਾਤਾ ਜੀ ਉਹ ਤਾਂ ਸਭ ਠੀਕ ਹੈ। ਪਰ ਇਹ ਤਕਲੀਫ ਕਿਉਂ ਕੀਤੀ?

ਰਜਨੀ : ਬਾਕੀ ਗੱਲਾਂ ਬਾਅਦ ਵਿਚ, ਪਹਿਲਾਂ ਇਹ ਦੁੱਧ ਪੀਓ। ਹੁਣ ਤਾਂ ਹੌਲੀ-ਹੌਲੀ ਮੇਰੀਆਂ ਅੱਖਾਂ ਦੀ ਰੋਸ਼ਨੀ ਵੀ ਘੱਟ ਹੋ ਰਹੀ ਹੈ।

ਡਾ. ਬਾਸੂ : ਇਹ ਦੁੱਧ ਤਾਂ ਬਹੁਤ ਵਧੀਆ ਹੈ।

ਅੰਜੂ : (ਹੱਸਦੇ ਹੋਏ) ਸਰ, ਨਾਨੀ ਜੀ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਦੀ ਬਹੁਤ ਸਾਰੀ ਪ੍ਰਸ਼ੰਸਾ ਕਰੋ। ਬਹੁਤ ਵਧੀਆ ਕਹਿਣ ਨਾਲ ਕੰਮ ਨਹੀਂ ਚੱਲੇਗਾ।

ਰਜਨੀ : ਵੇਖੋ... ਇਹ ਛੋਟੀ ਕੀ ਬੋਲ ਰਹੀ ਹੈ? ਇਸ ਨੂੰ ਸਦਾ ਹੀ ਮਖੌਲ ਹੀ ਸੁਝਦੇ ਨੇ!

(ਸਾਰੇ ਹੱਸਦੇ ਹਨ)

ਅੰਜੂ : ਸਰ...ਮੈਂ ਖ਼ਬਰਾਂ ਸੁਣ ਰਹੀ ਸੀ! ਕੋਲੇ ਦੀ ਇੱਕ ਖਦਾਨ ਦੀਆਂ ਖਬਰਾਂ ਸਨ। ਮੇਘਾਲਿਆ ਦੇ ਇਕ ਖੇਤਰ ਵਿਚ 15 ਖਾਨ-ਮਜ਼ਦੂਰ ਫਸੇ ਹੋਏ ਹਨ।ਉਹ ਇਸ ਨੂੰ ਚੂਹਿਆਂ ਨਾਲ ਜੋੜ ਰਹੇ ਸਨ ਪਰ ਮੈਂ ਕੁਝ ਸਮਝੀ ਨਹੀਂ! ਕੀ ਇਹ ਮਾਮਲਾ ਜਯੰਤੀ ਪਹਾੜੀਆਂ ਵਿਚ ਹੋ ਰਹੀ ਕੋਲੇ ਦੀ ਗੈਰ-ਕਾਨੂੰਨੀ ਖੁਦਾਈ ਨਾਲ ਸਬੰਧਿਤ ਹੈ?

ਡਾ. ਬਾਸੂ : ਇਹ ਇਕ ਬਹੁਤ ਹੀ ਭੀੜੀ ਖਦਾਨ ਦੀ ਕਹਾਣੀ ਹੈ, ਜਿਸ ਨੂੰ ਚੂਹਾ-ਖਦਾਨ ਕਿਹਾ ਜਾਂਦਾ ਹੈ। ਇਨ੍ਹਾਂ ਖਦਾਨਾਂ ਦਾ ਪ੍ਰਵੇਸ਼-ਦੁਆਰ ਬਹੁਤ ਹੀ ਘੱਟ ਚੌੜਾ ਹੁੰਦਾ ਹੈ। ਅੰਦਰ ਪ੍ਰਵੇਸ਼ ਕਰਨ ‘ਤੇ ਹੀ ਚਾਰੇ ਪਾਸੇ ਹਨੇਰਾ ਹੀ ਹਨੇਰਾ। ਰੋਸ਼ਨੀ ਅੰਦਰ ਜਾ ਹੀ ਨਹੀਂ ਸਕਦੀ ਹੈ। ਇਕ ਅਜਿਹੀ ਹੀ ਖਦਾਨ ਵਿਚ 15 ਮਜ਼ਦੂਰ ਫਸੇ ਹੋਏ ਸਨ। ਜਿਨ੍ਹਾਂ ਨੂੰ ਬਾਹਰ ਕੱਢਣ ਲਈ ਸਾਰੇ ਯਤਨ ਅਸਫਲ ਰਹੇ ਸਨ।

(ਰਜਨੀ ਉਦਾਸ ਹੋ ਕੇ ਪ੍ਰਾਰਥਨਾ ਕਰਨ ਲੱਗ ਜਾਂਦੀ ਹੈ)

ਡਾ. ਬਾਸੂ : ਅੰਮਾ, ਤੁਸੀਂ ਠੀਕ ਤਾਂ ਹੋ? ਇਨ੍ਹਾਂ ਨੂੰ ਅੰਦਰ ਲੈ ਕੇ ਜਾਓ। ਇਹ ਅਰਾਮ ਕਰ ਸਕਣ।

ਸੁਨੀਤਾ : ਵਿਗਿਆਨੀ ਬਾਬੂ, ਚਿੰਤਾ ਨਾ ਕਰੋ। ਅੱਜ ਰਜਨੀ ਚਾਚੀ ਦੇ ਬੇਟੇ ਦਾ ਜਨਮ ਦਿਨ ਹੈ।

ਡਾ. ਬਾਸੂ : ਵਾਹ... ਤਾਂ ਇਹ ਗੱਲ ਐ! ਬਹੁਤ ਅੱਛਾ - ਕਿਥੇ ਹਨ ਇਨ੍ਹਾਂ ਦੇ ਬੇਟੇ? ਹੁਣ ਮੈਨੂੰ ਸਮਝ ਆਇਆ ਕਿ ਅੰਮਾ ਦਾ ਦੁੱਧ ਐਨਾ ਸੁਆਦ ਕਿਉਂ ਹੈ! ਅੰਮਾ! ਕੀ ਤੁਹਾਡਾ ਬੇਟਾ ਕਿਤੇ ਬਾਹਰ ਕੰਮ ਕਰਦਾ ਹੈ? ਅੱਛਾ, ਉਸ ਦੀ ਯਾਦ ਆ ਰਹੀ ਹੈ।

(ਰਜਨੀ ਚਾਚੀ ਚਿਲਾਉਂਦੀ ਹੈ)

ਡਾ. ਬਾਸੂ : ਮਾਤਾ ਜੀ, ਮੇਰੇ ਤੋਂ ਕੋਈ ਗਲਤੀ ਹੋਈ ਹੈ ਕੀ?

ਸੰਜੂ : ਵਿਗਿਆਨੀ ਬਾਬੂ, ਇਹ ਤੁਹਾਡੀ ਗਲਤੀ ਨਹੀਂ ਹੈ। ਸਾਡੇ ਗਰੀਬ ਲੋਕਾਂ ਦੀ ਕਹਾਣੀ ਹੀ ਦਰਦਨਾਇਕ ਹੈ। ਕੀ ਕਰ ਸਕਦੇ ਹਾਂ?

ਡਾ. ਬਾਸੂ : ਮੈਂ... ਮੈਂ ਕੁਝ ਸਮਝਿਆ ਨਹੀਂ।

ਅੰਜੂ : ਮੈਂ ਸਮਝਾਉਂਦੀ ਹਾਂ ਸਰ। ਰਜਨੀ ਨਾਨੀ ਦਾ ਇਕ ਹੀ ਬੇਟਾ ਸੀ ਜੋ ਕੰਮ ਕਰਨ ਲਈ ਦੱਖਣ ਵਿਚ ਗਿਆ ਸੀ। ਇਕ ਦਿਨ ਜਦੋਂ ਉਹ ਕੰਮ ਕਰ ਰਿਹਾ ਸੀ ਤਾਂ ਅਪਣੇ ਤਿੰਨ ਸਾਥੀਆਂ ਨਾਲ, ਉਹ ਕੋਲੇ ਦੀ ਖਦਾਨ ਵਿਚ ਦਫਨ ਹੋ ਗਿਆ। ਬਸ ਫਿਰ ਕੀ ਸੀ (ਰੋਣ ਲਗਦੀ ਹੈ).........

ਡਾ. ਬਾਸੂ : ਮੈਂ ਸਮਝਿਆ......

ਬੀਜੂ : ਰਜਨੀ ਚਾਚੀ ਦੇ ਪਤੀ ਦੀ ਵੀ ਉਸ ਦੁੱਖ ਵਿਚ ਮੌਤ ਹੋ ਗਈ। ਅਪਣੇ ਬੇਟੇ ਦੀ ਮੌਤ ਦੀ ਖ਼ਬਰ ਸੁਣਦੇ ਹੀ, ਦਿਲ ਦਾ ਦੌਰਾ ਪੈਣ ਕਰਕੇ ਉਨ੍ਹਾਂ ਦੀ ਮੌਤ ਹੋ ਗਈ ਸੀ।

ਡਾ. ਬਾਸੂ : ਰਜਨੀ ਅੰਮਾ ਦੇ ਦੂਸਰੇ ਬੱਚੇ ਕੀ ਕਰਦੇ ਹਨ?

ਸੁਨੀਤਾ : ਉਨ੍ਹਾਂ ਦੀਆਂ ਦੋ ਬੇਟੀਆਂ ਹਨ। ਸਭ ਇਕ ਫੈਕਟਰੀ ਵਿਚ ਕੰਮ ਕਰਦੀਆਂ ਹਨ। ਸਾਡੀ ਤਰ੍ਹਾਂ ਉਹ ਵੀ ਮਜ਼ਦੂਰੀ ਕਰਦੀਆਂ ਹਨ, ਇਥੋਂ ਕੋਈ 5 ਕਿਲੋਮੀਟਰ ਦੂਰ ਹੈ।

ਡਾ. ਬਾਸੂ : ਮੈਨੂੰ ਸਮਝ ਨਹੀਂ ਆ ਰਿਹਾ, ਮੈਂ ਅੰਮਾ ਨੂੰ ਕਿਵੇਂ ਹੌਸਲਾ ਦਿਆਂ ?

ਅੰਜੂ : ਸਰ! ਕੋਲਾ ਸਾਨੂੰ ਬਹੁਤ ਮਹਿੰਗਾ ਪੈਂਦਾ ਹੈ! ਸਾਡੀਆਂ ਜ਼ਿੰਦਗੀਆਂ ਲੈ ਲੈਂਦਾ ਹੈ।

ਡਾ. ਬਾਸੂ : ਮੈਂ ਤੁਹਾਡੇ ਲੋਕਾਂ ਦਾ ਦਰਦ ਸਮਝ ਸਕਦਾ ਹਾਂ। ਇਹ ਸਭ ਗੰਭੀਰ ਮੁੱਦੇ ਹਨ, ਜਿਨ੍ਹਾਂ ਦਾ ਹੱਲ ਜ਼ਰੂਰੀ ਹੈ। ਇਸ ਕੰਮ ਵਿੱਚ ਬਹੁਤ ਸਾਰੇ ਖਤਰੇ ਹਨ! ਅਸੀਂ ਇਸ ਸੱਚ ਨੂੰ ਨਕਾਰ ਨਹੀਂ ਸਕਦੇ।

ਸੰਜੂ : ਵਿਗਿਆਨੀ ਬਾਬੂ, ਸਾਡੇ ਤੋਂ ਜ਼ਿਆਦਾ ਕੌਣ ਜਾਣ ਸਕਦਾ ਹੈ ਇਨ੍ਹਾਂ ਖ਼ਤਰਿਆਂ ਨੂੰ।

ਡਾ. ਬਾਸੂ : ਹਾਂ! ਖਦਾਨਾਂ ਦੇ ਅਪਣੇ ਖ਼ਤਰੇ ਹਨ। ਹਾਲਾਂਕਿ ਖਾਨ-ਮਜ਼ਦੂਰਾਂ ਦੀ ਸੁਰੱਖਿਆ ਲਈ ਕਾਨੂੰਨ ਬਣੇ ਹੋਏ ਹਨ। ਪਰ ਖਦਾਨਾਂ ਦੇ ਮਾਲਿਕ ਇਨ੍ਹਾਂ 'ਤੇ ਧਿਆਨ ਨਹੀਂ ਦਿੰਦੇ।

ਅੰਜੂ : ਪਰ ਸਰ! ਹੁਣ ਤਾਂ ਸਾਫ ਊਰਜਾ ਮੁਹਿੰਮ ਕਾਰਨ ਕੋਲੇ ਅਤੇ ਤੇਲ ਵਰਗੇ ਪਥਰਾਹਟੀ ਬਾਲਣਾਂ ਦੀ ਵਰਤੋਂ ਅਸੀਂ ਘਟਾਉਣੀ ਵੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਹਰਿਤ ਘਰ ਪ੍ਰਭਾਵ ਗੈਸਾਂ ਦਾ ਉਤਸਰਜਨ ਘਟਾ ਕੇ ਪਰਿਆਵਰਨੀ ਬਦਲਾਅ ਨੂੰ ਠੱਲ੍ਹ ਪਾਈਏ ਅਤੇ ਨਿੱਤ ਵੱਧਦੀ ਆਲਮੀ ਤਪਸ਼ 'ਤੇ ਵੀ ਕੋਈ ਰੋਕ ਲੱਗ ਸਕੇ!

ਡਾ. ਬਾਸੂ : ਹਾਂ ਅੰਜੂ! ਇਸ ਵਕਤ ਤਾਂ ਸਮੇਂ ਦੀ ਲੋੜ ਇਹੀ ਹੈ ਤੇ ਅਸੀਂ ਇਸ ਵੱਲ ਕਦਮ ਉਠਾ ਵੀ ਰਹੇ ਹਾਂ, ਪਰ ਅਫਸੋਸ ਹੈ ਕਿ ਅਮਰੀਕਾ ਨੇ ਇਸ ਦਿਸ਼ਾ ਵਿੱਚ ਚੁੱਕੇ ਜਾਂਦੇ ਕਦਮਾਂ ਵਿੱਚੋਂ ਆਪਣੇ ਪੈਰ ਖਿੱਚ ਲਏ ਹਨ!

ਅੰਜੂ : ਪਰ ਸਰ! ਬਾਕੀ ਸੰਸਾਰ ਤਾਂ ਇਸ ਦਿਸ਼ਾ ਵਿੱਚ ਵਧ ਹੀ ਰਿਹਾ ਹੈ?

ਡਾ. ਬਾਸੂ : ਹਾਂ ਅੰਜੂ! ਇਸੇ ਤੋਂ ਤਾਂ ਸਾਡੀਆਂ ਉਮੀਦਾਂ ਨੇ ਕਿ ਕਦੀ ਅਮਰੀਕਾ ਨੂੰ ਵੀ ਸੰਸਾਰ ਰਾਏ ਅੱਗੇ ਝੁਕਣਾ ਪਵੇਗਾ ਤੇ ਇਸ ਧਰਤ ਗ੍ਰਹਿ ਨੂੰ ਬਚਾਉਣ ਵਾਸਤੇ ਸਾਫ ਊਰਜਾ ਵੱਲ ਵਧਣਾ ਪਵੇਗਾ ਅਤੇ ਖਪਤਵਾਦੀ ਸਭਿਆਚਾਰ ਤੋਂ ਵੀ ਖਹਿੜਾ ਛੁਡਾਉਣ ਵੱਲ ਪੁਲਾਂਘਾਂ ਪੁੱਟਣੀਆਂ ਪੈਣਗੀਆਂ!

ਅੱਛਾ! ਮੈਂ ਲੇਟ ਹੋ ਰਿਹਾ ਹਾਂ। ਹੁਣ ਮੈਨੂੰ ਚਲਣਾ ਚਾਹੀਦਾ ਹੈ। ਤੁਹਾਨੂੰ ਲੋਕਾਂ ਨੂੰ ਦੁਖੀ ਦੇਖ ਕੇ ਮੈਨੂੰ ਚੰਗਾ ਨਹੀਂ ਲੱਗ ਰਿਹਾ! ਇਕ ਦਿਨ ਆਵੇਗਾ, ਜਦੋਂ ਸਾਨੂੰ ਕੋਲੇ ਤੋਂ ਮੁਕਤੀ ਮਿਲੇਗੀ ਅਤੇ ਊਰਜਾ ਦੀਆਂ ਸਭ ਜ਼ਰੂਰਤਾਂ ਸੂਰਜੀ ਊਰਜਾ ਨਾਲ ਹੀ ਪੂਰੀਆਂ ਹੋ ਸਕਣਗੀਆਂ। ਸਾਡੇ ਮਜ਼ਦੂਰ ਭਰਾ ਕੋਲੇ ਦੀਆਂ ਖਦਾਨਾਂ ਵਿਚ ਜਾਨ ਨਹੀਂ ਦੇਣਗੇ। ਇਹ ਹੈਰਾਨੀਜਨਕ ਲੱਗਦਾ ਹੈ ਪਰ ਉਹ ਦਿਨ ਹੁਣ ਦੂਰ ਨਹੀਂ! ਅੱਛਾ ਸਭ ਨੂੰ ਨਮਸਕਾਰ। **Good Bye.**

**## ਸਮਾਪਤੀ ਸੰਗੀਤ##**

## ਪ੍ਰਸ਼ਨ

ਪ੍ਰਸ਼ਨ 1 : ਸੂਰਜੀ ਊਰਜਾ ਦੀ ਵਰਤੋਂ ਵਾਸਤੇ ਬੈਟਰੀਆਂ ਦੇ ਪ੍ਰਦੂਸ਼ਣ ਤੋਂ ਬਿਨਾ ਬਿਜਲੀ ਪੂਰਤੀ ਕਿਵੇਂ ਕੀਤੀ ਜਾਂਦੀ ਹੈ?

**ਉੱਤਰ** : ਗਰਿੱਡ ਪ੍ਰਣਾਲੀ ਦੀ ਵਰਤੋਂ ਰਾਹੀਂ ਸੌਰ ਬਿਜਲੀ ਗਰਿੱਡ ਵਿੱਚ ਭੇਜਣ ਨਾਲ ਬੈਟਰੀਆਂ ਦੀ ਵਰਤੋਂ ਤੋਂ ਬਿਨਾ ਹੀ ਨਿਰਵਿਘਣ ਬਿਜਲੀ ਮਿਲ ਜਾਂਦੀ ਹੈ!

**ਪ੍ਰਸ਼ਨ** 2 : ਸੌਰ ਊਰਜਾ ਦਾ ਵਿਗਿਆਨਿਕ ਨਿਯਮ ਫੋਟੋ ਵੋਲਟਿਕ ਪ੍ਰਭਾਵ ਕਿਵੇਂ ਕੰਮ ਕਰਦਾ ਹੈ?

**ਉੱਤਰ** : ਫੋਟੋਵੋਲਟਿਕ ਸੈਲ ਦਾ ਪਦਾਰਥ ਅਜਿਹਾ ਹੁੰਦਾ ਹੈ ਕਿ ਉਹ ਸੂਰਜ ਦੀ ਰੋਸ਼ਨੀ ਦੇ ਫੋਟੋਨ ਨੂੰ ਜਜ਼ਬ ਕਰ ਲੈਂਦਾ ਹੈ ਤੇ ਇਲੈਕਟਰਾਨਾਂ ਦੀ ਧਾਰਾ ਛੱਡ ਦਿੰਦਾ ਹੈ! ਇਹੀ ਹੈ ਫੋਟੋਵੋਲਟਿਕ ਪ੍ਰਭਾਵ!